MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 08 SATURDAY, 19 FEBRUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਤਾਕਤ ਦੀ ਵਰਤੋਂ ਕਰਨਾ ਪੁਲਿਸ 'ਤੇ ਨਿਰਭਰ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਕਿ ਪ੍ਰਦਰਸ਼ਨਕਾਰੀਆਂ ਖਿਲਾਫ ਤਾਕਤ ਦੀ ਵਰਤੋਂ ਕਰਨਾ ਜਾਂ ਨਾ ਕਰਨਾ ਪੁਲਿਸ ਉਪਰ ਨਿਰਭਰ ਹੈ। ਵੈਸਟ ਬਲੌਕ ਨੂੰ ਕੌਕਸ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਜਾਂਦੇ ਸਮੇਂ ਇਹ ਪੁੱਛੇ ਜਾਣ ਕਿ ਕੀ ਪ੍ਰਦਰਸ਼ਨਕਾਰੀਆਂ ਨੂੰ ਡਾਊਨ-ਟਾਊਨ ਤੋਂ ਹਟਾਉਣ ਲਈ ਫੋਰਸ ਦੀ ਲੋੜ ਪਵੇਗੀ ਤਾਂ ਟਰੂਡੋ ਨੇ ਕਿਹਾ ਕਿ ਉਹ ਫੋਰਸ ਦੀ ਵਰਤੋਂ ਨਹੀਂ ਕਰ ਰਹੇ। ਪੁਲਿਸ ਵਲੋਂ ਹੀ ਆਪਣਾ ਸਹੀ ਕੰਮ ਕਰਨ ਲਈ ਫ਼ੈਸਲੇ ਲਏ ਜਾਣਗੇ। ਅਸੀਂ ਐਮਰਜੈਂਸੀ ਐਕਟ ਲਾਗੂ ਕਰਕੇ ਤਾਕਤਾਂ ਦੇ ਦਿੱਤੀਆਂ ਹਨ ਜਿਸ ਨੂੰ ਕਾਨੂੰਨ ਲਾਗੂ ਕਰਨ ਵਾਲੇ ਸਥਾਨਕ ਅਧਿਕਾਰ ਖੇਤਰ ਵਾਲੇ ਸਾਂਝੇਦਾਰੀ ਨਾਲ ਵਰਤ ਸਕਦੇ ਹਨ, ਉਦਾਹਰਣ ਦੇ ਤੌਰ 'ਤੇ ਓਟਵਾ ਵਿਚ ਓਪੀਪੀ ਅਤੇ ਆਰਸੀਐਮਪੀ ਵਾਧੂ ਸਰੋਤਾਂ ਨਾਲ ਇਹ ਯਕੀਨੀ ਬਣਾਉਣਗੇ ਕਿ ਕਾਨੂੰਨਾਂ ਨੂੰ ਅਨੁਪਾਤਕ ਤਰੀਕੇ ਨਾਲ ਲਾਗੂ ਕਰਨ ਦੀ ਪਹੁੰਚ ਅਪਣਾਈ ਜਾਵੇ ਅਤੇ ਇਸ ਸਬੰਧੀ ਫ਼ੈਸਲਾ ਉਥੋਂ ਦੀ ਪੁਲਿਸ ਵਲੋਂ ਕੀਤਾ ਜਾਵੇਗਾ।




### ਪੁਲਿਸ ਦੀ ਹਿਲਜੁਲ ਤੋਂ ਖੁਸ਼ ਹਾਂ-ਮੇਅਰ ਜਿਮ ਵਾਟਸਨ

ਓਟਵਾ ਦੇ ਮੇਅਰ ਜਿਮ ਵਾਟਸਨ ਨੇ ਕਿਹਾ ਕਿ ਉਹ ਓਟਵਾ ਪੁਲਿਸ ਦੀ ਇਹ ਹਿਲਜੁਲ ਦੇਖ ਕੇ ਖੁਸ਼ ਹੈ ਕਿ ਪੁਲਿਸ ਉਨ੍ਹਾਂ ਲੋਕਾਂ ਨੂੰ ਚਿਤਾਵਨੀ ਦੇ ਰਹੀ ਹੈ ਜਿਹੜੇ ਕਾਨੂੰਨ ਤੋੜ ਰਹੇ ਹਨ।

### ਮੁਜ਼ਾਹਰਾਕਾਰੀ ਬੇਪਰਵਾਹ ਦਿਸੇ

ਮੁਜ਼ਾਹਰਾਕਾਰੀ ਜਿਨ੍ਹਾਂ ਨੇ ਸੜਕਾਂ 'ਤੇ ਬੁੱਧਵਾਰ ਸਵੇਰੇ ਸੀਟੀਵੀ ਨਿਊਜ਼ ਡਾਟ ਸੀਏ ਨਾਲ ਗੱਲਬਾਤ ਕੀਤੀ, ਬਹੁਤਾ ਕਰਕੇ ਚਿਤਾਵਨੀ ਪ੍ਰਤੀ ਬੇਪਰਵਾਹ ਦਿਸੇ, ਫਿਰ ਵੀ ਕੁਝ ਟਰੱਕ ਇਲਾਕੇ ਵਿਚੋਂ ਜਾਂਦੇ ਦਿਖਾਈ ਦਿੱਤੇ ਹਨ। ਪੁਲਿਸ ਨੋਟਿਸ ਵਿਚ ਐਮਰਜੈਂਸੀ ਐਕਟ ਦਾ ਹਵਾਲਾ ਦਿੱਤਾ ਹੈ ਜਿਹੜਾ ਸੋਮਵਾਰ ਲਾਗੂ ਕੀਤਾ ਗਿਆ। ਨੋਟਿਸ ਵਿਚ ਨਵੀਆਂ ਪਾਬੰਦੀਆਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਜਿਹੜੇ ਵੀ ਇਸ ਵਿਚ ਹਿੱਸਾ ਲੈ ਰਹੇ ਹਨ ਉਹ ਕਾਨੂੰਨ ਤੋੜ ਰਹੇ ਹਨ। ਫੈਡਰਲ ਅਧਿਕਾਰੀਆਂ ਨੇ ਸੰਕੇਤ ਦਿੱਤਾ ਕਿ ਕੌਮੀ ਰਾਜਧਾਨੀ ਵਿਚ ਮੁਜ਼ਾਹਰਾਕਾਰੀ ਇਕ ਹੋਰ ਵੀਕਐਂਡ ਲਈ ਨਾ ਰਹਿਣ ਦੇ ਇਰਾਦੇ ਨਾਲ ਇਸ ਨੂੰ ਲਾਗੂ ਕਰਨ ਲਈ ਕੰਮ ਸ਼ੁਰੂ ਹੋ ਗਿਆ ਹੈ। ਮੀਟਿੰਗ ਤੋਂ ਵਾਪਸ ਜਾਂਦੇ ਸਮੇਂ ਜਦੋਂ ਇਹ ਪੁੱਛਿਆ ਗਿਆ ਕਿ ਕੀ ਓਟਵਾ ਵਾਸੀਆਂ ਦਾ ਸ਼ਹਿਰ ਇਸ ਵੀਕਐਂਡ ਵਿਚ ਮੁਕਤ ਹੋ ਜਾਵੇਗਾ ਤਾਂ ਟਰੂਡੋ ਨੇ ਕੋਈ ਜਵਾਬ ਨਹੀਂ ਦਿੱਤਾ।

## ਪੁਲਿਸ ਵਲੋਂ ਪਰਚੇ ਵੰਡ ਕੇ ਓਟਵਾ ਦੀਆਂ ਸੜਕਾਂ ਖਾਲੀ ਕਰਨ ਦੀ ਚਿਤਾਵਨੀ

ਟਰੂਡੋ ਦਾ ਬਿਆਨ ਉਸ ਸਮੇਂ ਸਾਹਮਣੇ ਆਇਆ ਜਦੋਂ ਓਟਵਾ ਪੁਲਿਸ ਡਾਊਨਟਾਊਨ ਵਿਚ ਬੁੱਧਵਾਰ ਸਵੇਰੇ ਮੁਜ਼ਾਹਰਾਕਾਰੀਆਂ ਨੂੰ ਪੇਪਰ (ਲੀਫਲੈਟਸ) ਵੰਡਦੀ ਦਿਖਾਈ ਦਿੱਤੀ ਜਿਸ ਵਿਚ ਉਨ੍ਹਾਂ ਨੂੰ ਇਲਾਕਾ ਛੱਡਣ ਜਾਂ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਇਹ ਵਾਲਿੰਗਟਨ ਸਟਰੀਟ ਤੇ ਆਲੇ ਦੁਆਲੇ ਦੇ ਇਲਾਕ ਵਿੱਚ ਮੁਜ਼ਾਹਰੇ ਵਿਚ ਹਿੱਸਾ ਲੈਣ ਵਾਲਿਆਂ ਨੂੰ ਨੋਟਿਸ ਹੈ ਜਿਥੇ ਆਜ਼ਾਦੀ ਕਾਫਲੇ ਦੀ ਮੁਜ਼ਾਹਰਾਕਾਰੀਆਂ ਨੇ ਪਿਛਲੇ 20 ਦਿਨਾਂ ਤੋਂ ਡੇਰਾ ਲਗਾਇਆ ਹੋਇਆ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਪੁਲਿਸ ਨੇ ਸੰਯੁਕਤ ਕਮਾਂਡ ਸੈਂਟਰ ਰਾਹੀਂ ਇਸ ਕਬਜ਼ੇ ਨੂੰ ਹਟਾਉਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਨੋਟਿਸ ਵਿਚ ਕਿਹਾ ਕਿ ਤੁਹਾਨੂੰ ਇਹ ਇਲਾਕਾ ਹੁਣ ਖਾਲੀ ਕਰਨਾ ਪਵੇਗਾ। (ਬਾਕੀ ਸਫ਼ਾ 24 'ਤੇ)

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
• ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
• Pre - Approval available in 24 Hours
- rate hold - 120 days
• Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*

*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL.: 10 ISSUE: 08 SATURDAY, 19 FEBRUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਕਾਂਗਰਸ ਅਤੇ ਆਪ ਦੋਵੇਂ ਢੌਂਗੀ ਪਾਰਟੀਆਂ-ਮੋਦੀ

## ਧਾਰਮਿਕ ਨਾਅਰਿਆਂ ਨਾਲ ਚੋਣ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼



ਪਠਾਨਕੋਟ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਅਤੇ ਦਿੱਲੀ ਦੀ ਕੇਜਰੀਵਾਲ ਸਰਕਾਰ 'ਤੇ ਸਿਆਸੀ ਹਮਲੇ ਕਰਦਿਆਂ ਦੋਵਾਂ ਨੂੰ ਇੱਕੋ ਥੈਲੀ ਦੇ ਚੱਟੇ-ਵੱਟੇ ਕਰਾਰ ਦਿੱਤਾ ਹੈ। ਉਨ੍ਹਾਂ ਆਮ ਆਦਮੀ ਪਾਰਟੀ (ਆਪ) ਨੂੰ ਕਾਂਗਰਸ ਦੀ 'ਫੋਟੋਕਾਪੀ' ਦੱਸਦੇ ਹੋਏ ਕਿਹਾ ਕਿ ਦੋਵੇਂ ਪਾਰਟੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਕ ਦੂਜੇ ਖਿਲਾਫ਼ ਲੜਨ ਦਾ ਢੌਂਗ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੋਵਾਂ ਨੇ ਅਯੁੱਧਿਆ ਵਿੱਚ ਰਾਮ ਮੰਦਿਰ ਦਾ ਵਿਰੋਧ ਕੀਤਾ ਤੇ ਜਦੋਂ ਕਦੇ ਭਾਰਤੀ ਫੌਜੀ ਆਪਣੀ ਦਲੇਰੀ ਦਿਖਾਉਂਦੇ ਹਨ ਤਾਂ ਉਹ 'ਪਾਕਿਸਤਾਨ ਦੀ ਬੋਲੀ' ਬੋਲਣ ਲੱਗਦੇ ਹਨ। ਸ੍ਰੀ ਮੋਦੀ ਨੇ ਕਿਹਾ ਕਿ ਭਾਜਪਾ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਦੇ ਹੋਰਨਾਂ ਰਾਜਾਂ ਦੀ ਨਿਸਬਤ ਪੰਜਾਬ ਅੰਦਰ ਸੇਵਾ ਕਰਨ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਪੰਜਾਬ ਦੇ ਲੋਕਾਂ ਤੋਂ 5 ਸਾਲ ਲਈ ਸੇਵਾ ਕਰਨ ਦਾ ਮੌਕਾ ਮੰਗਿਆ। ਸ੍ਰੀ ਮੋਦੀ ਇਥੇ ਭਾਜਪਾ ਤੇ ਗੱਠਜੋੜ ਪਾਰਟੀਆਂ ਦੇ ਉਮੀਦਵਾਰਾਂ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਮੋਦੀ ਨੇ ਪੰਜਾਬ 'ਚ ਆਪਣੇ ਪੁਰਾਣੇ ਭਾਈਵਾਲ ਸ਼੍ਰੋਮਣੀ ਅਕਾਲੀ (ਬਾਕੀ ਸਫ਼ਾ 24 'ਤੇ)

# ਕਿਸਾਨ ਹਮਦਰਦ ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ ਵਿਚ ਦੁਖਦਾਈ ਮੌਤ

## ਹਜ਼ਾਰਾਂ ਲੋਕਾਂ ਵੱਲੋਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਕਿਸਾਨ ਸੰਘਰਸ਼ ਦੌਰਾਨ ਸੁਰਖੀਆਂ ਵਿਚ ਆਉਣ ਵਾਲੇ ਅਦਾਕਾਰ ਦੀਪ ਸਿੱਧੂ ਦੀ ਭਿਆਨਕ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਵੇਰਵਿਆਂ ਮੁਤਾਬਕ ਦੀਪ ਸਿੱਧੂ ਆਪਣੀ ਦੋਸਤ ਨਾਲ ਦਿੱਲੀ ਤੋਂ ਵਾਪਸ ਪੰਜਾਬ ਵੱਲ ਆ ਰਿਹਾ ਸੀ ਤੇ ਰਾਹ ਵਿਚ ਉਸ ਦਾ ਕੁੰਡਲੀ-ਮਾਨੇਸਰ (ਕੇ.ਐਮ.ਪੀ.ਐਲ.) ਹਾਈਵੇਅ 'ਤੇ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਦੀਪ ਸਿੱਧੂ ਖੁਦ ਕਾਰ ਚਲਾ ਰਿਹਾ ਸੀ ਅਤੇ ਉਨ੍ਹਾਂ ਦੀ ਗੱਡੀ ਇੱਕ ਖੜ੍ਹੇ ਕੰਟੇਨਰ 'ਚ ਜਾ ਵੱਜੀ, ਜਿਸ 'ਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦੀ ਦੋਸਤ ਦੇ ਵੀ ਕਾਫ਼ੀ ਸੱਟਾਂ ਲੱਗੀਆਂ ਹਨ।

### ਸੇਜਲ ਅੱਖਾਂ ਨਾਲ ਅੰਤਿਮ ਸੰਸਕਾਰ

ਲੁਧਿਆਣਾ-ਮਾਨੇਸਰ ਹਾਈਵੇਅ 'ਤੇ ਮੰਗਲਵਾਰ ਰਾਤ ਸੜਕ ਹਾਦਸੇ 'ਚ ਜਾਨ (ਬਾਕੀ ਸਫ਼ਾ 23 'ਤੇ)

# ਕੇਜਰੀਵਾਲ ਵੱਲੋਂ 80 ਸੀਟਾਂ ਜਿੱਤਣ ਦਾ ਦਾਅਵਾ

## ਆਪ ਉਮੀਦਵਾਰਾਂ ਦੇ ਹੱਕ ਵਿਚ ਕੀਤਾ ਰੋਡ ਸ਼ੋਅ



ਜਲੰਧਰ-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ 80 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਟੀਵੀ ਚੈਨਲਾਂ ਦੇ ਸਰਵੇਖਣ ਵਿੱਚ ਭਾਵੇਂ 'ਆਪ' ਨੂੰ 60 ਤੋਂ 65 ਸੀਟਾਂ ਮਿਲਣ ਦੀ ਗੱਲ ਆਖੀ ਜਾ ਰਹੀ ਹੈ, ਪਰ ਪਾਰਟੀ ਇਸ ਤੋਂ ਬਿਹਤਰ ਪ੍ਰਦਰਸ਼ਨ ਕਰਦਿਆਂ 80 ਤੋਂ ਵੱਧ ਸੀਟਾਂ ਜਿੱਤੇਗੀ। ਕੇਜਰੀਵਾਲ ਪੰਜਾਬ ਵਿੱਚ 'ਆਪ' ਦੇ ਮੁੱਖ ਮੰਤਰੀ ਚਿਹਰੇ ਭਗਵੰਤ ਮਾਨ ਨਾਲ ਅੱਜ ਜਲੰਧਰ ਸ਼ਹਿਰ ਦੇ ਚਾਰ ਵਿਧਾਨ ਸਭਾ ਹਲਕਿਆਂ (ਬਾਕੀ ਸਫ਼ਾ 24 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਜਥੇਦਾਰ ਖੱਖ ਤੇ ਅਮਰਪ੍ਰੀਤ ਸਿੰਘ ਬੈਂਸ ਵਲੋਂ ਦੀਪ ਸਿੱਧੂ ਦੀ ਦੁਖਦਾਈ ਮੌਤ ਤੇ ਦੁੱਖ ਦਾ ਪ੍ਰਗਟਾਵਾ

ਸਰੀ/ਕੈਲਗਰੀ (ਬੁੱਟਰ, ਧੰਜੂ)-ਸ਼੍ਰੋਮਣੀ ਅਕਾਲੀ ਦਲ ਐਨ ਆਰ ਆਈ ਵਿੰਗ ਅਲਬਰਟਾ ਦੇ ਚੇਅਰਮੈਨ ਸ ਅਮਰਪ੍ਰੀਤ ਸਿੰਘ ਬੈਂਸ ਅਤੇ ਐਨ ਆਰ ਆਈ ਵਿੰਗ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਖੱਖ ਨੇ ਇਕ ਸਾਂਝੇ ਬਿਆਨ ਰਾਹੀ ਨੌਜਵਾਨ ਆਗੂ, ਕਿਸਾਨੀ ਦੇ ਹਮਦਰਦ ਤੇ ਅਦਾਕਾਰ ਦੀਪ ਸਿੱਧੂ ਦੇ ਅਚਾਨਕ ਸੜਕ ਹਾਦਸੇ ਵਿਚ ਮਾਰੇ ਜਾਣ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਥੇ ਜਾਰੀ ਇਕ ਬਿਆਨ ਰਾਹੀਂ ਉਹਨਾਂ ਕਿਹਾ ਹੈ ਕਿ ਨੌਜਵਾਨ ਆਗੂ ਜਿਸਨੇ ਕਿ ਕਿਸਾਨ ਅੰਦੋਲਨ ਦੌਰਾਨ ਨੌਜਵਾਨਾਂ ਨੂੰ ਇਕਮੁੱਠ ਕਰਨ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੁਕ ਹੋਣ ਦਾ ਹੋਕਾ ਦਿੱਤਾ ਦੀ ਬਵੇਕਤੀ ਮੌਤ ਨੇ ਸਭ ਨੂੰ ਜੰਝੋੜਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਨੌਜਵਾਨ ਆਗੂ ਦਾ ਕਾਰ ਦਾ ਇਕ ਟਰਾਲੇ ਨਾਲ ਟਕਰਾਉਣ ਦਾ ਹਾਦਸਾ ਵੀ ਕਈ ਸ਼ੰਕੇ ਖੜੇ ਕਰਦਾ ਹੈ। ਉਹਨਾਂ ਇਸ ਹਾਦਸੇ ਦੀ ਉਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।



# ਬੀ.ਸੀ. ਜਿਮਸ ਪੂਰੀ ਸਮਰਥਾ ਨਾਲ ਖੋਲ੍ਹਣ, ਇਨਡੋਰ ਇਕੱਠ ਤੇ ਖੇਡ ਟੂਰਨਾਮੈਂਟ ਮੁੜ ਸ਼ੁਰੂ ਕਰਨ ਦੀ ਮਨਜ਼ੂਰੀ

ਵਿਕਟੋਰੀਆ-ਬੀਸੀ ਦੀ ਜਿਮਸ ਯੂਜ਼ਰਸ, ਤੈਰਾਕ ਅਤੇ ਡਾਂਸਰਾਂ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਸੂਬਾ ਇਸ ਹਫਤੇ ਫਿਟਨੈੱਸ ਸੈਂਟਰਾਂ ਨਾਲ ਸਬੰਧਤ ਸਿਹਤ ਪਾਬੰਦੀਆਂ ਨਰਮ ਕਰ ਰਿਹਾ ਹੈ। 17 ਫਰਵਰੀ ਤੋਂ ਫਿਟਨੈੱਸ ਸੈਂਟਰਾਂ ਪੂਰੀ ਸਮਰਥਾ ਨਾਲ ਖੋਲ੍ਹੇ ਜਾ ਸਕਣਗੇ ਅਤੇ ਬਾਲਗ ਖੇਡ ਟੂਰਨਾਮੈਂਟ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਹੋਵੇਗੀ। ਪਰ ਇਨਡੋਰ ਹੋਰ ਪ੍ਰਬੰਧਾਂ ਵਾਂਗ ਜਿੰਮਾਂ ਵਿਚ ਮਾਸਕ ਅਜੇ ਲਾਗੂ ਰਹਿਣਗੇ ਅਤੇ ਯੂਜ਼ਰਾਂ ਨੂੰ ਦਾਖਲ ਹੋਣ ਲਈ ਬੀਸੀ ਟੀਕਾ ਕਾਰਡ ਦਿਖਾਉਣਾ ਪਵੇਗਾ। ਵੀਰਵਾਰ ਤੋਂ ਬੀਸੀ ਮੂਵੀ ਥੀਏਟਰਾਂ, ਰੈਸਟੋਰੈਂਟਾਂ, ਬਾਰਾਂ ਅਤੇ ਨਾਈਟਕਲੱਬਾਂ ਵਿਚ ਸਮਰਥਾ ਸੀਮਾਵਾਂ ਨੂੰ ਖਤਮ ਕਰ ਰਿਹਾ ਹੈ ਅਤੇ ਮੇਜ਼ਾਂ ਦੇ ਆਲੇ ਦੁਆਲੇ ਇਕੱਠੇ ਹੋਣ ਤੇ ਨਾਚ ਕਰਨ ਦੀ ਇਜਾਜ਼ਤ ਹੋਵੇਗੀ ਪਰ ਮਾਸਕ ਅਤੇ ਟੀਕਾ ਕਾਰਡ ਦੀ ਅਜੇ ਵੀ ਲੋੜ ਰਹੇਗੀ। ਮਹਾਂਮਾਰੀ ਦੀ ਤਾਜ਼ਾ ਵੇਵ ਕਾਰਨ ਦਸੰਬਰ ਤੇ ਜਨਵਰੀ ਵਿਚ ਲਗਪਗ ਇਕ ਮਹੀਨੇ ਜਿਮਸ ਤੇ ਫਿਟਨੈੱਸ ਸੈਂਟਰ ਬੰਦ ਰਹੇ ਹਨ। 20 ਜਨਵਰੀ ਨੂੰ ਜਦੋਂ ਜਿਮਸ ਮੁੜ ਖੋਲ੍ਹੇ ਗਏ ਉਸ ਸਮੇਂ ਕਈ ਪਾਬੰਦੀਆਂ ਲਾਗੂ ਸਨ ਜਿਸ ਵਿਚ ਹਰੇਕ ਜਿਮ ਯੂਜ਼ਰ ਦੇ ਆਲੇ ਦੁਆਲੇ ਘੱਟੋ ਘੱਟ 7 ਮੀਟਰ ਜਗ੍ਹਾ ਹੋਣੀ ਜ਼ਰੂਰੀ ਸੀ। ਇਸ ਮਹੀਨੇ ਦੇ ਸ਼ੁਰੂ ਵਿਚ ਯੂਥ ਸਪੋਰਟਸ ਟੂਰਨਾਮੈਂਟ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।



## ਕੋਵਿਡ ਪਾਬੰਦੀਆਂ ਨਰਮ ਕਰਨ ਨੂੰ ਲੈ ਕੇ ਮਤਭੇਦ ਉਭਰੇ

ਵਿਕਟੋਰੀਆ-ਬੀਸੀ ਵਲੋਂ ਅਜਿਹੇ ਸਮੇਂ ਕੋਵਿਡ ਪਾਬੰਦੀਆਂ ਨਰਮ ਕਰਨ ਦਾ ਐਲਾਨ ਕਰਨ ਦੀ ਸੰਭਾਵਨਾ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਵਾਸੀਆਂ ਵਿਚ ਇਸ ਕਦਮ ਨੂੰ ਲੈ ਕੇ ਮਤਭੇਦ ਹਨ ਜਦਕਿ ਸੂਬੇ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਘਟ ਰਹੀ ਹੈ। ਕ੍ਰਿਸਮਸ ਤੋਂ ਪਹਿਲਾਂ ਇਨਡੋਰ ਇਕੱਠਾਂ ਦੀ ਸੀਮਾਂ 'ਤੇ ਲਗਾਈਆਂ ਪਾਬੰਦੀਆਂ ਬੁੱਧਵਾਰ ਨੂੰ ਖਤਮ ਹੋਣੀਆਂ ਹਨ ਅਤੇ ਪਾਬੰਦੀਆਂ ਨੂੰ ਖਤਮ ਕੀਤਾ, ਵਧਾਇਆ ਜਾ ਸਕਦਾ ਜਾਂ ਇਨ੍ਹਾਂ ਵਿਚ ਸੋਧ ਕੀਤੀ ਜਾ ਸਕਦੀ ਹੈ। ਬੀਸੀ ਦੇ ਪਬਲਿਕ ਹੈਲਥ ਅਫਸਰ ਨੇ ਪਿਛਲੇ ਹਫਤੇ ਵਾਅਦਾ ਕੀਤਾ ਸੀ ਕਿ ਉਹ ਮਹਾਂਮਾਰੀ ਪ੍ਰੋਟੋਕੋਲ ਦੇ ਵੇਰਵੇ ਜਾਰੀ ਕਰੇਗੀ ਕਿ ਅਸੀਂ ਅੱਗੇ ਕਿਵੇਂ ਵਧਣਾ ਹੈ। ਵੈਨਕੂਵਰ ਦੇ ਲਾਗ ਰੋਗਾਂ ਬਾਰੇ ਸੈਂਟਰ ਦੇ ਮੈਡੀਕਲ ਡਾਇਰੈਕਟਰ ਡਾ. ਬਰਾਇਨ ਕੋਨਵੇ ਨੇ ਕਿਹਾ ਕਿ ਘੱਟ ਪਾਬੰਦੀਆਂ ਨਾਲ ਜ਼ਿਆਦਾ ਚੀਜ਼ਾਂ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਕੋਨਵੇ ਨੇ ਕਿਹਾ ਕਿ ਹੁਣ ਜਦੋਂ ਦੂਸਰੇ ਸੂਬਿਆਂ ਨੇ ਸਕੂਲੀ ਬੱਚਿਆਂ(ਅਲਬਰਟਾ) ਲਈ ਮਾਸਕ ਸ਼ਰਤ ਨੂੰ ਨਰਮ ਕਰਨ ਅਤੇ ਵੈਕਸੀਨ ਪਾਸਪੋਰਟਾਂ (ਓਨਟਾਰੀਓ ਨੇ ਪਹਿਲੀ ਮਾਰਚ ਤੋਂ) ਹਟਾਉਣ ਦਾ ਐਲਾਨ ਕੀਤਾ ਹੈ ਤਾਂ ਬੀਸੀ ਵਲੋਂ ਜ਼ਿਆਦਾ ਸਾਵਧਾਨ ਰਹਿਣ ਦੀ ਆਸ ਹੈ। ਮੈਂ ਆਸ ਨਹੀਂ ਕਰ ਰਿਹਾ ਕਿ ਡਾ. ਬੋਨੀ ਹੈਨਰੀ ਤੁਰੰਤ ਸਾਰੀਆਂ ਪਾਬੰਦੀਆਂ ਚੁੱਕ ਦੇਵੇਗੀ ਕਿਉਂਕਿ ਇਹ ਬਹੁਤ ਜ਼ਿਆਦਾ ਤੇਜ਼ੀ ਹੋਵੇਗੀ।




# ਬੰਦੂਕਾਂ ਨਾਲ ਭਰਿਆ ਚੋਰੀ ਹੋਇਆ ਟਰੇਲਰ ਮਿਲ ਗਿਆ

ਟੋਰਾਂਟੋ-ਵੀਕਐਂਡ 'ਤੇ ਪੀਟਰਬਰੋ (ਓਨਟਾਰੀਓ) ਤੋਂ ਬੰਦੂਕਾਂ ਨਾਲ ਭਰਿਆ ਹੋਇਆ ਟਰੇਲਰ ਮਿਲ ਗਿਆ ਹੈ। ਜਾਰੀ ਇਕ ਨਿਊਜ਼ ਰਿਲੀਜ਼ ਮੁਤਾਬਿਕ ਟਰੇਲਰ ਪੀਲ ਰੀਜਨ ਵਿਚ ਕਿਸੇ ਥਾਂ ਤੋਂ ਮਿਲ ਗਿਆ ਹੈ। ਪੁਲਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਟਰੇਲਰ ਅਤੇ ਇਸ ਵਿਚ ਲੱਦੀਆਂ ਬੰਦੂਕਾਂ ਨੂੰ ਪੀਟਰਬਰੋ ਲਿਆਂਦਾ ਗਿਆ ਹੈ ਅਤੇ ਪੀਟਰਬਰੋ ਪੁਲਿਸ ਅਤੇ ਇਸ ਨੂੰ ਬਣਾਉਣ ਵਾਲੀ ਕੰਪਨੀ ਇਸ ਗੱਲ ਦਾ ਪਤਾ ਲਗਾਉਣਗੇ ਕਿ ਕੋਈ ਹਥਿਆਰ ਗੁੰਮ ਤਾਂ ਨਹੀਂ। 13 ਫਰਵਰੀ ਤੜਕੇ ਤਿੰਨ ਵਜੇ ਪਾਰਕਹਿਲ ਰੋਡ ਈਸਟ ਦੇ ਯਾਰਡ ਤੋਂ ਜਦੋਂ ਟਰੇਲਰ ਚੋਰੀ ਹੋਇਆ ਤਾਂ ਇਸ ਵਿਚ 2000 ਤੋਂ ਵੀ ਜ਼ਿਆਦਾ ਅਗਨੀ ਸ਼ਾਸਤਰ ਸਨ। ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਟਰੱਕ ਵਿਚ ਕਲਿੱਪਾਂ ਨਾਲ ਛੋਟੀ ਕੈਲੀਬਰ ਵਾਲੇ ਅਗਨੀ ਸ਼ਾਸਤਰ ਸਨ ਪਰ ਬੰਦੂਕਾਂ ਦੀ ਕਿਸਮ ਬਾਰੇ ਹੋਰ ਵੇਰਵੇ ਜਾਰੀ ਨਹੀਂ ਕੀਤੇ ਜਿਨ੍ਹਾਂ ਦੀ ਢੋਆਢੁਆਈ ਕੀਤੀ ਜਾ ਰਹੀ ਸੀ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਟਰੇਲਰ ਵਿਚ ਕੋਈ ਅਸਲਾ ਨਹੀਂ ਸੀ। ਪੁਲਿਸ ਨੇ ਚੋਰੀ ਵਿਚ ਸ਼ਾਮਿਲ ਸੰਭਾਵਤ ਸ਼ੱਕੀਆਂ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਜਾਂਚ ਟਰੇਲਰ ਅਤੇ ਗੁੰਮ ਹੋਏ ਹਥਿਆਰਾਂ ਦਾ ਪਤਾ ਲਗਾਉਣ 'ਤੇ ਕੇਂਦਰਿਤ ਹੈ।








## ਚਿਲਡਰਨ ਏਡ ਸੁਸਾਇਟੀ ਵਲੋਂ ਮੁਜ਼ਾਹਰਾਕਾਰੀਆਂ ਨੂੰ ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕਰਨ ਦੀ ਅਪੀਲ

ਓਟਵਾ-ਓਟਵਾ ਦੀ ਚਿਲਡਰਨ ਏਡ ਸੁਸਾਇਟੀ ਮਾਪਿਆਂ ਜਿਹੜੇ ਫਰੀਡਮ ਕਾਫਲੇ ਦੇ ਡਾਊਨਟਾਊਨ ਕਬਜ਼ੇ ਲਈ ਬੱਚਿਆਂ ਨੂੰ ਨਾਲ ਲੈ ਕੇ ਆਏ ਹਨ ਨੂੰ ਇਹ ਯਕੀਨੀ ਬਣਾਉਣ ਲਈ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਉਨ੍ਹਾਂ ਦੀ ਗ੍ਰਿਫ਼ਤਾਰੀ ਹੁੰਦੀ ਤਾਂ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕੀਤਾ ਜਾਵੇ। ਚਿਲਡਰਨ ਏਡ ਸੁਸਾਇਟੀ ਆਫ ਓਟਵਾ (ਸੀਏਐਸਓ) ਓਟਵਾ ਵਿਚ ਪ੍ਰਦਰਸ਼ਨ ਵਿਚ ਸ਼ਾਮਿਲ ਮਾਪਿਆਂ ਨੂੰ ਉਨ੍ਹਾਂ ਨੂੰ ਬੱਚਿਆਂ ਦੀ ਦੇਖਭਾਲ ਦੇ ਬਦਲਵੇਂ ਪ੍ਰਬੰਧ ਕਰਨ ਦੀ ਅਪੀਲ ਕਰ ਰਹੀ ਹੈ ਕਿਉਂਕਿ ਸੰਭਾਵਤ ਪੁਲਿਸ ਕਾਰਵਾਈ ਪਿੱਛੋਂ ਉਹ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਦੇ ਅਸਮਰਥ ਹੋ ਜਾਣਗੇ। ਪ੍ਰਦਰਸ਼ਨ ਵਿਚ ਬੱਚਿਆਂ ਦੀ ਮੌਜੂਦਗੀ ਦਾ ਕੁਝ ਦਿਨ ਪਹਿਲਾਂ ਪਤਾ ਲੱਗਾ ਹੈ। ਪਿਛਲੇ ਹਫ਼ਤੇ ਪੁਲਿਸ ਨੇ ਕਿਹਾ ਕਿ ਡਾਊਨਟਾਊਨ ਓਟਵਾ ਵਿਚ ਖੜੀਆਂ ਲਗਪਗ 100 ਮੋਟਰ ਗੱਡੀਆਂ ਵਿਚ ਬੱਚੇ ਰਹਿ ਰਹੇ ਹਨ। ਸਟੀਵ ਬੈੱਲ ਨੇ ਕਿਹਾ ਕਿ ਇਹ ਅਜਿਹੀ ਚੀਜ਼ ਹੈ ਜਿਸ ਤੋਂ ਅਸੀਂ ਬਹੁਤ ਚਿੰਤਤ ਹਾਂ। ਫੈਡਰਲ ਪੁਲਿਸ ਵਲੋਂ ਲਾਗੂ ਕੀਤਾ ਐਮਰਜੈਂਸੀ ਐਕਟ ਬੱਚਿਆਂ ਨੂੰ ਉਸ ਥਾਂ ਲਿਆਉਣ ਦੀ ਮਨਾਹੀ ਕਰਦਾ ਹੈ ਜਿਥੇ ਪ੍ਰਦਰਸ਼ਨ ਚਲ ਰਿਹਾ ਹੋਵੇ ਅਤੇ ਨਾਕੇਬੰਦੀ ਕੀਤੀ ਜਾ ਰਹੀ ਹੋਵੇ। ਮੇਅਰ ਜਿਮ ਵਾਟਸਨ ਨੇ ਮਾਪਿਆਂ ਜਿਹੜੇ ਪ੍ਰਦਰਸ਼ਨ ਜ਼ੋਨ ਵਿਚ ਬੱਚਿਆਂ ਨਾਲ ਮੌਜੂਦ ਹਨ ਨੂੰ ਚਲੇ ਜਾਣ ਦਾ ਸੱਦਾ ਦਿੱਤਾ ਹੈ।

## ਓਟਵਾ ਪੁਲਿਸ ਮੁਖੀ ਪੀਟਰ ਸੋਲੀ ਵਲੋਂ ਅਸਤੀਫਾ

ਓਟਵਾ-ਓਟਵਾ ਪੁਲਿਸ ਮੁਖੀ ਪੀਟਰ ਸੋਲੀ ਨੇ ਓਟਵਾ ਡਾਊਨਟਾਊਨ ਵਿਚ ਚਲ ਰਹੇ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨਾਂ ਨਾਲ ਨਜਿੱਠਣ ਨੂੰ ਲੈ ਕੇ ਹੋ ਰਹੀ ਆਲੋਚਨਾ ਦਰਮਿਆਨ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਬੋਰਡ ਦੀ ਚੇਅਰ ਡਿਆਨੇ ਡੀਨਸ ਨੇ ਇਕ ਵਿਸ਼ੇਸ਼ ਮੀਟਿੰਗ ਵਿਚ ਦੱਸਿਆ ਕਿ ਸਲੋਲੀ ਅਤੇ ਓਟਵਾ ਪੁਲਿਸ ਸੇਵਾਵਾਂ ਬੋਰਡ ਆਪਸੀ ਸਹਿਮਤੀ ਨਾਲ ਵੱਖ ਹੋਣ ਦੇ ਸਮਝੌਤੇ 'ਤੇ ਪਹੁੰਚ ਗਏ ਹਨ। ਇਸ ਤਰ੍ਹਾਂ ਸਲੋਲੀ ਹੁਣ ਓਟਵਾ ਪੁਲਿਸ ਸਰਵਿਸ ਦਾ ਮੁਲਾਜ਼ਮ ਨਹੀਂ ਰਿਹਾ। ਡਾਊਨਟਾਊਨ ਵਿਚ ਪ੍ਰਦਰਸ਼ਨ 20 ਦਿਨ ਵਿਚ ਪਹੁੰਚ ਗਿਆ ਹੈ ਅਤੇ ਮੁਜ਼ਾਹਰਾਕਾਰੀਆਂ ਨੇ ਵੇਲਿੰਗਟਨ ਸੜਕ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਡੇਰਾ ਲਗਾਇਆ ਹੋਇਆ ਹੈ ਅਤੇ ਇਲਾਕੇ ਨੂੰ ਛੱਡਣ ਦਾ ਕੋਈ ਸੰਕੇਤ ਨਹੀਂ ਦੇ ਰਹੇ। ਡੀਨਸ ਨੇ ਦੱਸਿਆ ਕਿ ਉਹ ਸਲੋਲੀ ਦੀ ਰਵਾਨਗੀ 'ਤੇ ਹੋਰ ਟਿਪਣੀ ਨਹੀਂ ਕਰੇਗੀ ਕਿਉਂਕਿ ਇਹ ਲੇਬਰ ਰਿਲੇਸ਼ਨ ਮਾਮਲਾ ਹੈ ਪਰ ਕਿਹਾ ਕਿ ਬੋਰਡ ਇਹ ਯਕੀਨੀ ਬਣਾਉਣ ਨੂੰ ਪਹਿਲ ਦਿੰਦਾ ਹੈ ਕਿ ਇਸ ਤਰ੍ਹਾਂ ਦੀ ਯੋਜਨਾ ਬਣਾਈ ਜਾਵੇ ਜਿਸ ਨਾਲ ਕਬਜ਼ੇ ਜਿੰਨਾ ਛੇਤੀ ਸੰਭਵ ਹੋਵੇ ਸ਼ਾਂਤੀਪੂਰਣ ਤਰੀਕੇ ਨਾਲ ਖਤਮ ਹੋ ਜਾਵੇ। ਬੋਰਡ ਪਹਿਲਾਂ ਹੀ ਇਕ ਨਵਾਂ ਕਮਾਂਡ ਢਾਂਚਾ ਕਾਇਮ ਕਰਨ ਲਈ ਕੰਮ ਕਰ ਰਿਹਾ ਹੈ ਅਤੇ ਨਵਾਂ ਮੁਖੀ ਬਹੁਤ ਛੇਤੀ ਨਿਯੁਕਤ ਕੀਤਾ ਜਾਵੇਗਾ।

# ਬੀ.ਸੀ. ਬਾਰਡਰ ਕਰੌਸਿੰਗ 'ਤੇ ਸੇਵਾ ਮੁੜ ਸ਼ੁਰੂ-ਇਕ ਦਰਜਨ ਵਿਅਕਤੀ ਗ੍ਰਿਫ਼ਤਾਰ

ਵਿਕਟੋਰੀਆ-ਬੀਸੀ ਬਾਰਡਰ ਕਰੌਸਿੰਗ 'ਤੇ ਸੇਵਾ ਮੁੜ ਸ਼ੁਰੂ ਹੋ ਗਈ ਹੈ ਜਿਥੇ ਪ੍ਰਦਰਸ਼ਨਕਾਰੀਆਂ ਨੇ ਕਈ ਦਿਨਾਂ ਤੋਂ ਪਹੁੰਚ ਨੂੰ ਰੋਕਿਆ ਹੋਇਆ ਸੀ। ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਕਿਹਾ ਕਿ ਪੈਸੀਫਿਕ ਹਾਈਵੇਅ ਬਾਰਡਰ ਕਰੌਸਿੰਗ ਇਕ ਵਾਰ ਫਿਰ ਪਹੁੰਚਯੋਗ ਹੋ ਗਿਆ ਹੈ ਜਿਸ ਨੂੰ ਟੀਕਾ ਆਦੇਸ਼ ਵਿਰੋਧੀ ਮੁਜ਼ਾਹਰਾਕਾਰੀਆਂ ਨੇ ਰੋਕਿਆ ਹੋਇਆ ਸੀ। ਉਂਜ ਪਹਿਲਾਂ ਵੀ ਸਰਹੱਦ ਖੁਲ੍ਹੀ ਹੋਈ ਸੀ ਅਤੇ ਪੁਲਿਸ ਨੇ ਮੁਜ਼ਾਹਰਾਕਾਰੀਆਂ ਕਾਰਨ ਟਰੈਫਿਕ ਨੂੰ ਦੂਸਰੇ ਕਰੌਸਿੰਗਾਂ ਵੱਲ ਮੋੜਿਆ ਹੋਇਆ ਸੀ ਅਤੇ ਮੁਸਾਫਰਾਂ ਨੂੰ ਬਦਲਵੇਂ ਰਾਹ ਲੱਭਣ ਲਈ ਮਜ਼ਬੂਤੀ ਨਾਲ ਉਤਸ਼ਾਹਿਤ ਕੀਤਾ ਗਿਆ ਸੀ। ਸੋਮਵਾਰ ਰਾਤ ਨੂੰ ਪੁਲਿਸ ਨੇ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 176 ਸੜਕ ਨੂੰ ਰੋਕ ਰਹੇ ਕਈ ਮੋਟਰ ਗੱਡੀਆਂ ਨੂੰ ਹਟਾ ਦਿੱਤਾ ਗਿਆ। ਸਰਹੱਦੀ ਕਰੌਸਿੰਗ ਨੇੜਿਓਂ ਕੁਲ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰੀ ਆਰਸੀਐਮਪੀ ਨੇ ਪੁਲਿਸਿੰਗ ਭਾਈਵਾਲਾਂ ਨਾਲ ਮਿਲ ਕੇ ਇਸ ਸਥਿਤੀ ਨਾਲ ਨਜਿੱਠਣ ਲਈ ਇਕ ਨਾਪੀ ਤੋਲੀ ਪਹੁੰਚ ਵਰਤੀ ਤਾਂ ਜੋ ਪੁਲਿਸ ਤੇ ਜਨਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਜਿਸ ਵਿਚ ਛੋਟੇ ਬੱਚੇ ਵੀ ਸ਼ਾਮਿਲ ਸਨ ਜਿਨ੍ਹਾਂ ਨੂੰ ਮੁਜ਼ਾਹਰਾਕਾਰੀ ਉਥੇ ਲੈ ਕੇ ਆਏ ਸਨ। ਜਦੋਂ ਅਸੀਂ ਮਾਮਲੇ ਦੇ ਹੱਲ ਵੱਲ ਕੰਮ ਕੀਤਾ ਤਾਂ ਸਥਾਨਕ ਵਾਸੀ ਅਤੇ ਕਾਰੋਬਾਰੀ ਧੀਰਜ ਵਾਲੇ ਤੇ ਸਹਿਯੋਗੀ ਰਹੇ। ਜਨਤਕ ਸੁਰੱਖਿਆ ਹਮੇਸ਼ਾ ਸਭ ਤੋਂ ਅੱਗੇ ਰੱਖੀ ਗਈ।



## ਕੋਕੁਇਟਲਮ 'ਚ ਵੱਡੀ ਮਾਤਰਾ 'ਚ ਨਕਦੀ ਮਿਲੀ-ਪੁਲਿਸ ਨੂੰ ਮਾਲਕ ਦੀ ਭਾਲ

ਸਰੀ-ਕੋਕੁਇਟਲਮ ਵਿਚ ਪੁਲਿਸ ਇਕ ਵੱਡੀ ਰਕਮ ਦੇ ਮਾਲਕ ਦੀ ਭਾਲ ਕਰ ਰਹੀ ਹੈ ਜਿਹੜੀ ਪਿਛਲੇ ਹਫਤੇ ਕਿਸੇ ਸਮੇਂ ਰਿਹਾਇਸ਼ੀ ਇਲਾਕੇ ਵਿਚ ਡਿਗ ਪਈ ਸੀ। ਪੁਲਿਸ ਨੇ ਦੱਸਿਆ ਕਿ ਨਕਦੀ ਪਿਛਲੇ ਬੁੱਧਵਾਰ ਰੋਕਸਟਰ ਐਵੀਨਿਊ ਨੇੜੇ ਸਕੂਲਹਾਊਸ ਸੜਕ 'ਤੇ ਇਕ ਚੰਗੇ ਆਚਰਣ ਵਾਲੇ ਵਿਅਕਤੀ ਨੂੰ ਲੱਭੀ ਤੇ ਉਸ ਨੇ ਇਸ ਨੂੰ ਪੁਲਿਸ ਨੂੰ ਦੇ ਦਿੱਤਾ। ਕੰਸਟੇਬਲ ਡੇਆਨਾ ਲਾਅ ਨੇ ਪੈਸੇ ਲੱਭਣ ਪਿੱਛੋਂ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਜਦੋਂ ਸਹੀ ਵਿਅਕਤੀ ਸਾਨੂੰ ਫੋਨ ਕਰੇ ਤਾਂ ਇਹ ਯਕੀਨੀ ਬਣਾਉਣ ਲਈ ਉਸ ਨੂੰ ਸਾਡੇ ਖਾਸ ਪ੍ਰਸ਼ਨਾਂ ਦਾ ਜਵਾਬ ਦੇਣਾ ਪਵੇਗਾ ਕਿ ਅਸੀਂ ਸਹੀ ਵਿਅਕਤੀ ਨੂੰ ਪੈਸੇ ਵਾਪਸ ਕਰ ਰਹੇ ਹਾਂ। ਨਕਦੀ ਦੀ ਰਕਮ ਬਾਰੇ ਵੇਰਵੇ ਨਹੀਂ ਦਿੱਤੇ ਗਏ ਭਾਵ ਨਕਦੀ ਕਿੰਨੀ ਸੀ ਜਾਂ ਇਸ ਵਿਚ ਕਿਹੜੇ ਨੋਟ ਹਨ। ਪੁਲਿਸ ਨੇ ਕਿਹਾ ਕਿ ਇਨ੍ਹਾਂ ਵੇਰਵਿਆਂ ਨਾਲ ਸਹੀ ਮਾਲਕ ਦੀ ਪਛਾਣ ਹੋਵੇਗੀ। ਪੁਲਿਸ ਨੇ ਸਿਰਫ ਇਹ ਜਾਣਕਾਰੀ ਦਿੱਤੀ ਹੈ ਕਿ ਨਕਦੀ ਕਾਫੀ ਸੀ। ਕੋਕੁਇਟਲਮ ਆਰਸੀਐਮਪੀ ਜਨਤਾ ਨੂੰ ਯਾਦ ਕਰਵਾਉਣਾ ਚਾਹੇਗੀ ਕਿ ਜੇਕਰ ਤੁਹਾਡੇ ਜ਼ਿਆਦਾ ਮਾਤਰਾ ਵਿਚ ਪੈਸੇ ਗੁਆਚ ਜਾਂਦੇ ਹਨ ਤਾਂ ਤੁਸੀਂ ਪੁਲਿਸ ਨੂੰ ਫੋਨ ਕਰ ਸਕਦੇ ਹੋ ਤੇ ਰਿਪੋਰਟ ਕਰ ਸਕਦੇ ਹੋ। ਲਾਅ ਨੇ ਕਿਹਾ ਕਿ ਘਬਰਾਹਟ ਮਹਿਸੂਸ ਕਰਨ ਦਾ ਕੋਈ ਕਾਰਨ ਨਹੀਂ।

## ਡਰਾਈਵਰ ਆਪਣੇ ਬੀਮੇ ਨੂੰ ਮਈ ਤੋਂ ਆਨਲਾਈਨ ਕਰਵਾ ਸਕਣਗੇ ਰਿਨਿਊ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆਂ ਵਿਚ ਡਰਾਈਵਰ ਛੇਤੀ ਹੀ ਆਪਣੀ ਨਿੱਜੀ ਮੋਟਰ ਗੱਡੀ ਦੀ ਇੰਸ਼ੂਰੈਂਸ ਨੂੰ ਆਨਲਾਈਨ ਰਿਨਿਊ ਕਰਵਾ ਸਕਣਗੇ ਕਿਉਂਕਿ ਸੂਬੇ ਨੇ ਲਾਇਸੰਸ ਪਲੇਟ ਡੀਕਲਾਂ 'ਤੇ ਤਾਰੀਕਾਂ ਨੂੰ ਬੰਦ ਕਰ ਦਿੱਤਾ ਹੈ। ਆਈਸੀਬੀਸੀ ਦੇ ਸੀਈਓ ਨਿਕੋਲਸ ਜਿਮੇਨੇਜ਼, ਡਿਪਟੀ ਪ੍ਰੀਮੀਅਰ ਮਾਈਕ ਫਾਰਨਵਰਥ ਨੇ ਕਿਹਾ ਕਿ ਇਹ ਤਬਦੀਲੀ ਪਹਿਲੀ ਮਈ ਤੋਂ ਅਮਲ ਵਿਚ ਆਵੇਗੀ ਪਰ ਕੁਝ ਡਰਾਈਵਰਾਂ ਇਸ ਤੋਂ ਪਹਿਲਾਂ ਵੀ ਆਪਣਾ ਬੀਮਾ ਰੀਨਿਊ ਕਰਵਾ ਸਕਣਗੇ। ਇਕ ਮਈ 2022 ਜਾਂ ਇਸ ਤੋਂ ਬਾਅਦ ਵਿਚ ਰਿਨਿਊ ਹੋਣ ਵਾਲੀ ਪਾਲਿਸੀਆਂ ਦੇ ਗਾਹਕਾਂ ਕੋਲ ਆਪਣੀ ਪਾਲਿਸੀ ਕੰਪਿਊਟਰ, ਟੈਬਲਟ ਜਾਂ ਮੋਬਾਈਲ ਫੋਨ 'ਤੇ ਆਨਲਾਈਨ ਰਿਨਿਊ ਕਰਨ ਦਾ ਵਿਕਲਪ ਹੋਵੇਗਾ। ਫਾਰਨਵਰਥ ਨੇ ਦੱਸਿਆ ਕਿ ਗਾਹਕ ਆਪਣੀਆਂ ਪਾਲਿਸੀਆਂ ਨੂੰ 44 ਦਿਨ ਪਹਿਲਾਂ ਰਿਨਿਊ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੀ ਇੰਸ਼ੂਰੈਂਸ ਪਹਿਲੀ ਮਈ ਨੂੰ ਖਤਮ ਹੋਣੀ ਹੈ ਤਾਂ ਤੁਸੀਂ 17 ਮਾਰਚ ਤੋਂ ਇਸ ਨੂੰ ਰਿਨਿਊ ਕਰਵਾ ਸਕੋਗੇ। 1 ਮਈ ਆਖਰੀ ਦਿਨ ਹੋਵੇਗਾ ਜਦੋਂ ਡਰਾਈਵਰਾਂ ਨੂੰ ਲਾਇਸੰਸ ਪਲੇਟ ਪ੍ਰਮਾਮਿਕਤਾ ਡੈਕਲ ਦਿਖਾਉਣ ਦੀ ਲੋੜ ਹੋਵੇਗੀ ਕਿ ਉਨ੍ਹਾਂ ਨੇ ਬੀਮਾ ਕਰਵਾਇਆ ਹੋਇਆ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਪੰਜਾਬ ਚੋਣਾਂ

# ਲਟਕਵੀਂ ਵਿਧਾਨ ਸਭਾ ਦੇ ਕਿਆਫੇ

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਸਮਾਂ ਕੇਵਲ ਇਕ ਹਫਤਾ ਬਚਿਆ ਹੈ। ਭਾਰਤੀ ਚੋਣ ਕਮਿਸ਼ਨ ਵਲੋਂ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਨੂੰ ਕੋਵਿਡ ਪਾਬੰਦੀਆਂ ਦੀ ਪਾਲਣਾ ਤਹਿਤ ਚੋਣ ਪ੍ਰਚਾਰ ਦੀ ਆਗਿਆ ਦਿੱਤੀ ਗਈ ਹੈ। ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵਲੋ ਸੋਸ਼ਲ ਮੀਡੀਆ ਦੀ ਵਰਤੋ ਕਰਨ ਦੇ ਨਾਲ ਘਰ- ਘਰ ਚੋਣ ਪ੍ਰਚਾਰ, ਰੋਡ ਸ਼ੋਅ ਤੇ ਰੈਲੀਆਂ ਵੀ ਕੀਤੀਆਂ ਜਾ ਰਹੀਆਂ ਹਨ। ਚੋਣ ਪ੍ਰਚਾਰ ਦੌਰਾਨ ਜੁੜਦੀਆਂ ਭੀੜਾਂ ਤੋਂ ਕਿਤੇ ਨਹੀ ਲੱਗਦਾ ਕਿ ਕੋਵਿਡ ਪਾਬੰਦੀ ਨਿਯਮਾਂ ਦੀ ਪਾਲਣਾ ਹੋ ਰਹੀ ਹੈ। ਚੋਣ ਕਮਿਸ਼ਨ ਵਲੋ ਨਿਯਮਾਂ ਦੀ ਉਲੰਘਣਾ ਲਈ ਨੋਟਿਸ ਜਾਰੀ ਹੋਣ ਦੇ ਬਾਵਜੂਦ ਪਾਰਟੀਆਂ ਤੇ ਉਮੀਦਵਾਰ ਮਾਰੋ ਮਾਰ ਕਰਦੇ ਦਿਖਾਈ ਦੇ ਰਹੇ ਹਨ। ਸੋਸ਼ਲ ਮੀਡੀਆ ਪਲੇਟਫਾਰਮ- ਫੇਸਬੁੱਕ, ਵਟਸਐਪ, ਟਵਿਟਰ ਤੇ ਯੂ ਟਿਊਬ ਚੈਨਲ ਚੋਣ ਪ੍ਰਚਾਰ ਸਮੱਗਰੀ ਤੇ ਉਮੀਦਵਾਰਾਂ ਦੇ ਦਾਅਵਿਆਂ ਤੇ ਵਾਅਦਿਆਂ ਦੇ ਖੁਲਾਸੇ ਨਾਲ ਇਕ ਦੂਸਰੇ ਖਿਲਾਫ ਦੂਸ਼ਣਬਾਜ਼ੀ ਕਰਦੇ ਵੀ ਨਜ਼ਰੀ ਆ ਰਹੇ ਹਨ।

ਪੰਜਾਬ ਚੋਣਾਂ ਦੌਰਾਨ ਇਹ ਪਹਿਲੀ ਵਾਰ ਹੈ ਕਿ ਰਵਾਇਤੀ ਮੁਕਾਬਲਿਆਂ ਦੀ ਬਿਜਾਏ ਪੰਜ ਕੋਣੀ ਮੁਕਾਬਲਿਆਂ ਕਾਰਣ ਸਥਿਤੀ ਭੰਬਲਭੂਸੇ ਵਾਲੀ ਬਣੀ ਨਜ਼ਰ ਆ ਰਹੀ ਹੈ। ਚੋਣ ਮੈਦਾਨ ਵਿਚ ਸੱਤਾਧਾਰੀ ਪਾਰਟੀ ਕਾਂਗਰਸ ਦਾ ਕੁਝ ਸੀਟਾਂ ਉਪਰ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਤੇ ਕਿਤੇ ਅਕਾਲੀ ਦਲ -ਬਸਪਾ ਗਠਜੋੜ ਨਾਲ ਹੈ। ਇਹਨਾਂ ਤਿੰਨ ਮੁੱਖ ਧਿਰਾਂ ਦੇ ਨਾਲ ਭਾਰਤੀ ਜਨਤਾ ਪਾਰਟੀ, ਪੰਜਾਬ ਲੋਕ ਕਾਂਗਰਸ ਤੇ ਸੰਯੁਕਤ ਅਕਾਲੀ ਦਲ ਦੇ ਗਠਜੋੜ ਤੇ ਅਕਾਲੀ ਦਲ ਮਾਨ ਅਤੇ ਸੰਯੁਕਤ ਸਮਾਜ ਮੋਰਚੇ ਦੇ ਉਮਦੀਵਾਰ ਮੈਦਾਨ ਵਿਚ ਹਨ। ਸੋਸ਼ਲ ਮੀਡੀਆ ਉਪਰ ਚੋਣ ਪ੍ਰਚਾਰ ਦੀ ਝਲਕ ਆਮ ਆਦਮੀ ਪਾਰਟੀ ਨੂੰ ਮੋਹਰੀ ਬਿਆਨ ਕਰਦੀ ਹੈ। ਹੁਣ ਤੱਕ ਸਾਹਮਣੇ ਆਏ ਚੋਣ ਸਰਵੇਖਣ ਵੀ ਇਹੀ ਜ਼ਾਹਰ ਕਰਦੇ ਹਨ ਕਿ ਮੁੱਖ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਹੈ। ਅਕਾਲੀ ਦਲ ਨੂੰ ਤੀਸਰੇ ਨੰਬਰ 'ਤੇ ਵਿਖਾਇਆ ਜਾ ਰਿਹਾ ਹੈ ਜਦੋ ਕਿ ਅਕਾਲੀ ਦਲ ਦੇ ਪ੍ਰਧਾਨ ਦਾ ਦਾਅਵਾ ਹੈ ਕਿ ਸੋਸ਼ਲ ਮੀਡੀਆ ਦਾ ਪ੍ਰਚਾਰ ਕੁਝ ਵੀ ਕਹੇ ਸਰਕਾਰ ਅਕਾਲੀ -ਬਸਪਾ ਗਠਜੋੜ ਦੀ ਹੀ ਬਣੇਗੀ।

ਬੇਇਤਬਾਰੇ ਚੋਣ ਸਰਵੇਖਣਾਂ ਮੁਤਾਬਿਕ ਆਮ ਆਦਮੀ ਪਾਰਟੀ ਨੂੰ 50-55 ਸੀਟਾਂ ਨਾਲ ਸਭ ਤੋ ਅੱਗੇ ਵਿਖਾਇਆ ਜਾ ਰਿਹਾ ਹੈ ਜਦੋਕਿ ਪੰਜਾਬ ਕਾਂਗਰਸ ਨੂੰ 35 ਤੋ 38 ਸੀਟਾਂ, ਅਕਾਲੀ ਦਲ ਨੂੰ 20 ਤੋਂ 30 ਸੀਟਾਂ ਤੇ ਭਾਜਪਾ ਨੂੰ 3 ਤੋ 11




ਸੀਟਾਂ ਮਿਲਣ ਦੇ ਪੋਲ ਅਨੁਮਾਨ ਹਨ। ਬਹੁਗਿਣਤੀ ਚੋਣ ਸਰਵੇਖਣਾਂ ਵਿਚ ਆਮ ਆਦਮੀ ਪਾਰਟੀ ਨੂੰ ਹੀ ਵਧੇਰੇ ਸੀਟਾਂ ਦਿੱਤੀਆਂ ਜਾ ਰਹੀਆਂ ਹਨ। ਜਦੋਂਕਿ ਕਾਂਗਰਸ ਨੂੰ ਦੂਸਰੇ ਸਥਾਨ ਤੇ ਅਕਾਲੀ ਦਲ-ਬਸਪਾ ਨੂੰ ਤੀਸਰੇ ਸਥਾਨ ਉਪਰ ਰੱਖਿਆ ਜਾ ਰਿਹਾ ਹੈ। ਕੇਵਲ ਇਕ ਹੀ ਚੋਣ ਸਰਵੇਖਣ ਅਜਿਹਾ ਹੈ ਜਿਸ ਵਿਚ ਕਾਂਗਰਸ ਤੇ ਅਕਾਲੀ ਦਲ ਨੂੰ 32 ਤੋਂ 38 ਸੀਟਾਂ ਦੇ ਨੇੜ ਤੇੜੇ ਬਰਾਬਰ -ਬਰਾਬਰ ਵਿਖਾਇਆ ਗਿਆ ਹੈ। ਭਾਵੇਂਕਿ ਇਹਨਾਂ ਚੋਣ ਸਰਵੇਖਣਾਂ ਦੇ ਢੰਗ ਤਰੀਕੇ ਉਪਰ ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹਨਾਂ ਸਾਰੇ ਸਰਵੇਖਣਾਂ ਦੀ ਸਾਂਝੀ ਗੱਲ ਇਹ ਹੈ ਕਿ ਕਿਤੇ ਵੀ ਕਿਸੇ ਪਾਰਟੀ ਨੂੰ ਪੂਰਨ ਬਹੁਮਤ ਦਾ ਦਾਅਵਾ ਨਹੀ ਹੈ। ਲਟਕਵੀਂ ਵਿਧਾਨ ਸਭਾ ਦੀਆਂ ਸੰਭਾਵਨਾਵਾਂ ਵਧੇਰੇ ਪ੍ਰਗਟ ਕੀਤੀਆਂ ਗਈਆਂ ਹਨ। ਪੰਜਾਬ ਦੇ ਤਿੰਨ ਖੇਤਰਾਂ ਮਾਝਾ, ਮਾਲਵਾ ਤੇ ਦੁਆਬਾ ਵਿਚੋ ਆਮ ਆਦਮੀ ਪਾਰਟੀ ਨੂੰ ਮਾਲਵਾ ਖੇਤਰ ਵਿਚ ਸਭ ਤੋ ਵੱਧ ਮਜ਼ਬੂਤ ਵਿਖਾਇਆ ਜਾ ਰਿਹਾ ਹੈ। ਉਸਨੂੰ ਮਾਲਵੇ ਦੀਆਂ ਕੁਲ 69 ਸੀਟਾਂ ਵਿਚੋ 45 ਤੋ 49 ਸੀਟਾਂ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ। ਪਿਛਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਆਮ ਆਦਮੀ ਪਾਰਟੀ ਨੇ ਕੁਲ ਜਿੱਤੀਆਂ 20 ਸੀਟਾਂ ਚੋ 18 ਸੀਟਾਂ ਇਕੱਲੇ ਮਾਲਵਾ ਖੇਤਰ ਵਿਚੋ ਹੀ ਹਾਸਲ ਕੀਤੀਆਂ ਸਨ। ਇਸ ਵਾਰ ਵੀ ਉਸਦੀ ਸਥਿਤੀ ਮਾਲਵਾ ਖੇਤਰ ਵਿਚ ਹੀ ਮਜ਼ਬੂਤ ਦੱਸੀ ਜਾ ਰਹੀ ਹੈ ਜਦੋ ਮਾਝਾ ਜਿਸਦੀਆਂ ਕੁਲ 25 ਸੀਟਾਂ ਹਨ ਤੇ ਦੁਆਬਾ ਜਿਸਦੀਆਂ ਕੁਲ 23 ਸੀਟਾਂ ਹਨ ਚੋ ਮੁੱਖ ਮੁਕਾਬਲਾ ਅਕਾਲੀ ਦਲ ਤੇ ਕਾਂਗਰਸ ਵਿਚਾਲੇ ਦੱਸਿਆ ਜਾ ਰਿਹਾ ਹੈ। ਹੁਣ ਤੱਕ ਇਹ ਕਿਹਾ ਜਾਂਦਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਕੇਵਲ ਮਾਲਵਾ ਖੇਤਰ ਵਿਚ ਮਜ਼ਬੂਤ ਹੈ ਤੇ ਉਸਦਾ ਮਾਝਾ ਤੇ ਦੁਆਬਾ ਖੇਤਰ ਵਿਚ ਆਧਾਰ ਪੇਤਲਾ ਹੈ। ਪਰ ਹੁਣ ਸੋਸ਼ਲ ਮੀਡੀਆ ਰਿਪੋਰਟਾਂ ਚ ਖੁਲਾਸਾ ਹੈ ਕਿ ਆਮ ਆਦਮੀ ਪਾਰਟੀ ਵਲੋ ਭਗਵੰਤ ਮਾਨ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨੇ ਜਾਣ ਉਪਰੰਤ ਸਥਿਤੀ ਵਿਚ ਨਾਟਕੀ ਤਬਦੀਲੀ ਆਈ ਹੈ। ਵਿਰੋਧੀਆਂ ਵਲੋ ਭਗਵੰਤ ਮਾਨ ਨੂੰ ਸ਼ਰਾਬ ਪੀਣ ਦੀ ਆਦਤ ਬਹਾਨੇ ਭੰਡੀ ਪਰਚਾਰ ਦਾ ਨਿਸ਼ਾਨਾ ਬਣਾਏ ਜਾਣ ਦੇ ਬਾਵਜੂਦ ਉਸਦੀ ਲੋਕਪ੍ਰਿਯਤਾ ਵਿਚ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ ਦਿਨੀ ਉਸਦੇ ਮਾਝਾ ਦੇ ਸਰਹੱਦੀ ਖੇਤਰ ਵਿਚ ਰੋਡ ਸ਼ੋਅ ਦੌਰਾਨ ਮਿਲੇ ਭਰਵੇ ਹੁੰਗਾਰੇ ਨੇ ਸੰਕੇਤ ਦਿੱਤੇ ਹਨ ਕਿ ਪਾਰਟੀ ਨੇ ਮਾਝੇ ਵਿਚ ਵੀ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ। ਆਮ ਆਦਮੀ ਪਾਰਟੀ ਦੇ ਸੋਸ਼ਲ ਮੀਡੀਆ ਪ੍ਰਚਾਰ ਵਿਚ ਮੁਹਰੈਲ ਤੇ ਜੋਸ਼ ਭਰੇ ਲੋਕ ਹੁੰਗਾਰੇ ਦੇ ਜਵਾਬ ਵਿਚ ਵਿਰੋਧੀਆਂ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ ਤਾਂ 2017 ਵਿਚ ਵੀ ਸੀ। ਉਦੋਂ ਪਾਰਟੀ ਦਾ ਦਾਅਵਾ ਸੀ ਕਿ ਉਹ 100 ਸੀਟਾਂ ਲਿਜਾਏਗੀ ਜੋ ਕੇਵਲ 20 ਸੀਟਾਂ ਉਪਰ ਹੀ ਸਿਮਟ ਗਈ। ਹੁਣ ਚੋਣ ਸਰਵੇਖਣ ਉਸਨੂੰ ਵੱਧ ਤੋ ਵੱਧ 55 ਸੀਟਾਂ ਦੇ ਰਹੇ ਹਨ, ਜਿਸਤੋ ਅੰਦਾਜ਼ਾ ਲਗਾਉਣਾ ਸੰਭਵ ਹੈ ਕਿ ਉਸਦੀ ਕਾਰਗੁਜ਼ਾਰੀ ਕੀ ਹੋਵੇਗੀ? ਮਾਹਿਰਾਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਵਲੋ 2017 ਚ ਮੁੱਖ ਮੰਤਰੀ ਉਮੀਦਵਾਰ ਨਾ ਐਲਾਨਣ ਦੀ ਕੀਤੀ ਗਈ ਵੱਡੀ ਗਲਤੀ ਨੂੰ ਇਸ ਵਾਰ ਸੁਧਾਰ ਲਿਆ ਗਿਆ ਹੈ। ਇਸ ਵਾਰ ਪਾਰਟੀ ਵਲੋ ਦੋ ਵਾਰ ਦੇ ਐਮ ਪੀ ਤੇ ਹਰਮਨਪਿਆਰੇ ਪੰਜਾਬੀ ਕਲਾਕਾਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਕੇ ਲੋਕਾਂ ਸਾਹਮਣੇ ਆਪਣੀ ਪਸੰਦ ਨੂੰ ਚੁਣਨ ਦਾ ਵੱਡਾ ਮੌਕਾ ਦਿੱਤਾ ਹੈ। ਭਗਵੰਤ ਮਾਨ ਵਲੋ ਆਪਣੀ ਉਮੀਦਵਾਰੀ ਉਪੰਰਤ ਪਾਰਟੀ ਦੀ ਚੋਣ ਮੁਹਿੰਮ ਨੂੰ ਜਿਸ ਤਰੀਕੇ ਨਾਲ ਅਗਵਾਈ ਦਿੱਤੀ ਜਾ ਰਹੀ ਹੈ, ਉਸਨੂੰ ਵੇਖਦਿਆਂ ਉਸਦੇ ਵਿਰੋਧੀ ਵੀ ਉਸ ਵਿਚੋਂ ਮੁੱਖ ਮੰਤਰੀ ਦੀ ਛਵੀ ਉਭਰਦੀ ਵੇਖਣ ਲੱਗੇ ਹਨ। ਪਰ ਹੁਣ ਸਵਾਲ ਇਹ ਹੈ ਕਿ ਕੀ ਆਮ ਆਦਮੀ ਪਾਰਟੀ ਆਪਣੀ ਪ੍ਰਚਾਰ ਅਤੇ ਸੋਸ਼ਲ ਮੀਡੀਆ ਮੁਹਰੈਲ ਮੁਹਿੰਮ ਨੂੰ ਵੋਟ ਵਿਚ ਤਬਦੀਲ ਕਰ ਪਾਏਗੀ ਜਾਂ ਨਹੀ? ਅਗਰ ਆਸ ਮੁਤਾਬਿਕ ਪਾਰਟੀ ਲੋਕ ਉਤਸ਼ਾਹ ਨੂੰ ਵੋਟ ਵਿਚ ਤਬਦੀਲ ਕਰਨ ਤੋ ਅਸਮਰਥ ਰਹਿੰਦੀ ਹੈ ਤਾਂ ਰਵਾਇਤੀ ਪਾਰਟੀਆਂ ਵਲੋ ਸਰਕਾਰ ਦੇ ਗਠਨ ਲਈ ਮੌਕਾਪ੍ਰਸਤ ਗਠਜੋੜ ਦੀ ਸੰਭਾਵਨਾ ਤੋ ਇਨਕਾਰ ਨਹੀ ਕੀਤਾ ਜਾ ਸਕਦਾ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਨੇ 77 ਸੀਟਾਂ ਉਪਰ ਜਿੱਤ ਪ੍ਰਾਪਤ ਕਰਦਿਆਂ 38.5 ਪ੍ਰਤੀਸ਼ਤ ਵੋਟ ਹਾਸਲ ਕੀਤੇ ਸਨ ਜਦੋ ਕਿ ਅਕਾਲੀ ਦਲ ਨੇ 15

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661







# ਪ੍ਰਸਿੱਧ ਗਾਇਕ ਸੰਗੀਤਕਾਰ ਬੱਪੀ ਲਹਿਰੀ ਦਾ ਦੇਹਾਂਤ

ਮੁੰਬਈ/ਨਵੀਂ ਦਿੱਲੀ-ਗਾਇਕ-ਸੰਗੀਤਕਾਰ ਬੱਪੀ ਲਹਿਰੀ (69) ਦਾ ਦੇਹਾਂਤ ਹੋ ਗਿਆ। ਸੱਤਰ ਅਤੇ ਅੱਸੀ ਦੇ ਦਹਾਕੇ ਵਿਚ ਹਿੰਦੀ ਫ਼ਿਲਮਾਂ ਵਿਚ ਡਿਸਕੋ ਦੀ ਧਮਕ ਤੇ ਅਜਿਹੀਆਂ ਧੁਨਾਂ ਨੂੰ ਮਸ਼ਹੂਰ ਕਰਨ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ। ਕੁਝ ਰੂਹ ਨੂੰ ਸਕੂਨ ਦੇਣ ਵਾਲੀਆਂ ਤਰਜਾਂ ਵੀ ਬੱਪੀ ਨੇ ਬਣਾਈਆਂ। ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ ਤੇ ਉਹ ਕਈ ਬੀਮਾਰੀਆਂ ਨਾਲ ਜੂਝ ਰਹੇ ਸਨ। ਲਹਿਰੀ ਦੀ ਮੌਤ ਜੁਹੂ ਦੇ ਇਕ ਹਸਪਤਾਲ ਵਿਚ ਹੋਈ। ਉਹ ਕਰੀਬ ਇਕ ਮਹੀਨਾ ਹਸਪਤਾਲ ਦਾਖਲ ਰਹੇ ਸਨ ਤੇ ਸੋਮਵਾਰ ਨੂੰ ਹੀ ਛੁੱਟੀ ਮਿਲੀ ਸੀ। ਪਰ ਮੰਗਲਵਾਰ ਉਨ੍ਹਾਂ ਦੀ ਸਿਹਤ ਵਿਗੜ ਗਈ ਤੇ ਪਰਿਵਾਰ ਨੇ ਡਾਕਟਰ ਨੂੰ ਘਰ ਬੁਲਾਇਆ ਸੀ। ਬਾਅਦ ਵਿਚ ਬੱਪੀ ਨੂੰ ਹਸਪਤਾਲ ਲਿਆਂਦਾ ਗਿਆ। ਡਾਕਟਰ ਨੇ ਦੱਸਿਆ ਕਿ ਬੱਪੀ ਦੀ ਮੌਤ ਓ ਐੱਸ ਏ (ਓਬਸਟ੍ਰਕਟਿਵ ਸਲੀਪ ਐਪਨਿਆ) ਕਾਰਨ ਮੰਗਲਵਾਰ ਅੱਧੀ ਰਾਤ ਨੂੰ ਹੀ ਹੋ ਗਈ ਸੀ। ਜ਼ਿਕਰਯੋਗ ਹੈ ਕਿ ਗਾਇਕ-ਸੰਗੀਤਕਾਰ ਬੱਪੀ ਸੋਨੇ ਦੀਆਂ ਚੇਨਾਂ ਪਹਿਨਣ ਕਾਰਨ ਵੀ ਕਾਫ਼ੀ ਮਸ਼ਹੂਰ ਸਨ ਜਿਨ੍ਹਾਂ ਨੂੰ ਉਹ ਤਕਦੀਰ ਨਾਲ ਜੋੜ ਕੇ ਪਹਿਨਦੇ ਸਨ। ਲਹਿਰੀ ਨੇ ਸਿਆਸਤ ਵਿਚ ਵੀ ਕਦਮ ਰੱਖਿਆ ਸੀ ਜਦ ਉਹ 2014 ਵਿਚ ਭਾਜਪਾ 'ਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਚਿਤ੍ਰਾਣੀ ਤੋਂ ਇਲਾਵਾ ਧੀ ਰੀਮਾ ਤੇ ਪੁੱਤਰ ਬੱਪਾ ਲਹਿਰੀ ਹਨ।

# ਲੈਂਗਲੀ ਨੇੜੇ ਗੋਲੀਬਾਰੀ 'ਚ ਮਰਨ ਵਾਲੇ ਦੀ ਪਛਾਣ ਸਰਬਜੀਤ ਸੰਧਰ ਵਜੋ ਹੋਈ

ਵੈਨਕੂਵਰ (ਮਾਨ)-ਲੈਂਗਲੀ ਦੇ ਬਾਹਰਵਾਰ ਹੋਏ ਗੋਲੀਕਾਂਡ ਵਿਚ ਮਾਰੇ ਗਏ ਵਿਅਕਤੀ ਦੀ ਪਛਾਣ ਪੁਲੀਸ ਨੇ ਸਰਬਜੀਤ ਸੰਧਰ ਵਜੋਂ ਕੀਤੀ ਹੈ। ਉਸ ਦਾ ਨਾਂ ਪੰਜਾਬ ਦੇ 6000 ਕਰੋੜ ਰੁਪਏ ਦੇ ਭੋਲਾ ਡਰੱਗ ਮਾਮਲੇ ਵਿੱਚ ਵੀ ਆਉਂਦਾ ਰਿਹਾ ਹੈ। ਪੁਲੀਸ ਇਸ ਮਾਮਲੇ ਨੂੰ ਗੈਂਗਵਾਰ ਨਾਲ ਜੋੜ ਕੇ ਦੇਖ ਰਹੀ ਹੈ। ਤਸਕਰੀ ਨਾਲ ਜੁੜੇ ਲੋਕਾਂ ਵਿਚਾਲੇ ਗੈਂਗਵਾਰ ਹੋਣ ਕਾਰਨ ਇਕ ਤੋਂ ਬਾਅਦ ਇਕ ਹੋਏ ਕਈ ਕਤਲਾਂ ਕਰ ਕੇ ਸਰਬਜੀਤ ਦੇ ਕਤਲ ਤੋਂ ਵੀ ਲੋਕ ਬਹੁਤੇ ਹੈਰਾਨ ਨਹੀਂ ਹੋਏ। ਪਤਾ ਲੱਗਿਆ ਹੈ ਕਿ ਪੁਲੀਸ ਦੀ ਸਖ਼ਤੀ ਕਾਰਨ ਡਰੱਗ ਤਸਕਰੀ ਦੇ ਧੰਦੇ ਨੂੰ ਠੱਲ੍ਹ ਪੈਣ ਕਾਰਨ ਤਸਕਰ ਗਰੋਹ ਸ਼ੱਕ ਵਜੋਂ ਇਕ-ਦੂਜੇ ਨੂੰ ਨਿਸ਼ਾਨਾ ਬਣਾ ਰਹੇ ਹਨ।

# ਪੰਜਾਬ ਚੋਣਾਂ : ਲਟਕਵੀਂ ਵਿਧਾਨ ਸਭਾ ਦੇ ਕਿਆਫੇ

ਸੀਟਾਂ ਲਿਜਾਕੇ 25.2 ਪ੍ਰਤੀਸ਼ਤ ਵੋਟ ਲਏ ਸਨ। ਦੂਸਰੇ ਪਾਸੇ 20 ਸੀਟਾਂ ਲਿਜਾਣ ਵਾਲੀ ਆਮ ਆਦਮੀ ਪਾਰਟੀ ਦਾ ਵੋਟ ਪ੍ਰਤੀਸ਼ਤ ਅਕਾਲੀ ਦਲ ਨਾਲੋ ਘੱਟ ਭਾਵ 23.7 ਪ੍ਰਤੀਸ਼ਤ ਸੀ। ਕੁਲ 30 ਦੇ ਕਰੀਬ ਅਜਿਹੇ ਹਲਕੇ ਸਨ ਜਿਥੇ ਅਕਾਲੀ ਦਲ ਨੇ ਕੇਵਲ 250 ਤੋ 1000 ਵੋਟਾਂ ਦੇ ਫਰਕ ਨਾਲ ਸੀਟਾਂ ਹਾਰੀਆਂ ਸਨ। ਉਸਦੀ ਭਾਈਵਾਲ ਪਾਰਟੀ ਭਾਜਪਾ ਨੇ ਤਿੰਨ ਸੀਟਾਂ ਉਪਰ ਜਿੱਤ ਨਾਲ 5.4 ਪ੍ਰਤੀਸ਼ਤ ਵੋਟ ਹਾਸਲ ਕੀਤੇ ਸਨ। ਹੁਣ ਭਾਜਪਾ ਦੀ ਥਾਂ ਉਸਦੀ ਭਾਈਵਾਲ ਬਸਪਾ ਹੈ, ਜਿਸਦਾ ਪਿਛਲੀ ਵਾਰ ਵੋਟ ਸ਼ੇਅਰ ਡੇਢ ਪ੍ਰਤੀਸ਼ਤ ਸੀ। ਸਵਾਲ ਹੈ ਕਿ ਕੀ ਬਸਪਾ, ਅਕਾਲੀ ਦਲ ਨੂੰ ਭਾਜਪਾ ਦੇ ਨੁਕਸਾਨ ਦੀ ਪੂਰਤੀ ਕਰ ਪਾਏਗੀ? ਕਾਂਗਰਸ ਵਲੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਬਣਾਏ ਜਾਣ ਉਪਰੰਤ ਦਲਿਤ ਵੋਟਰ ਵੰਡੇ ਜਾਣ ਦੀਆਂ ਸੰਭਾਵਨਾਵਾਂ ਵਧੇਰੇ ਹਨ।

ਬਿਨਾਂ ਸ਼ੱਕ ਰਵਾਇਤੀ ਪਾਰਟੀਆਂ ਤੋ ਉਕਤਾਏ ਲੋਕ ਤੀਸਰੇ ਬਦਲ ਦੀ ਭਾਲ ਵਿਚ ਹਨ। ਅਜਿਹੀ ਸਥਿਤੀ ਵਿਚ ਉਹ ਮੁੱਖ ਮੰਤਰੀ ਚੰਨੀ ਜਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲੋ ਭਗਵੰਤ ਮਾਨ ਨੂੰ ਉਸਦੀਆਂ ਕੁਝ ਬੁਰੀਆਂ ਆਦਤਾਂ ਨੂੰ ਭੁਲਾਕੇ ਮੁੱਖ ਮੰਤਰੀ ਵਜੋ ਤਰਜੀਹ ਦੇਣ ਨੂੰ ਤਿਆਰ ਹੋ ਸਕਦੇ ਹਨ ਪਰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਆਮ ਆਦਮੀ ਪਾਰਟੀ ਦੀ ਦਿੱਖ ਵੀ ਰਵਾਇਤੀ ਪਾਰਟੀਆਂ ਨਾਲੋ ਕੋਈ ਜ਼ਿਆਦਾ ਭਿੰਨ ਨਹੀ ਰਹੀ। ਰਾਤੋ ਰਾਤ ਰਵਾਇਤੀ ਪਾਰਟੀਆਂ ਛੱਡਕੇ ਆਪ ਦਾ ਪੱਲਾ ਫੜਨ ਤੇ ਪਾਰਟੀ ਟਿਕਟਾਂ ਹਾਸਲ ਕਰਨ ਵਾਲੇ ਆਗੂਆਂ ਤੋ ਇਮਾਨਦਾਰੀ ਦੀ ਆਸ ਕਿੰਨੀ ਕੁ ਸੰਭਵ ਹੈ? ਦਰਜਨਾਂ ਪਾਰਟੀ ਟਿਕਟਾਂ ਕਰੋੜਾਂ ਵਿਚ ਵੇਚੇ ਜਾਣ ਦੇ ਦੋਸ਼ ਕਿਸੇ ਹੋਰ ਨੇ ਨਹੀ ਪਾਰਟੀ ਵਰਕਰਾਂ ਨੇ ਹੀ ਲਗਾਏ ਹਨ। ਪਾਰਟੀ ਸੁਪਰੀਮੋ ਕੇਜਰੀਵਾਲ ਵਲੋ ਅਜਿਹੇ ਦੋਸ਼ਾਂ ਦੇ ਸਬੂਤ ਮੰਗੇ ਜਾਣ ਤੇ ਕਿਸਾਨ ਆਗੂ ਰਾਜੇਵਾਲ ਵਲੋ ਸਬੂਤ ਪੇਸ਼ ਕੀਤੇ ਜਾਣ ਦੇ ਦਾਅਵੇ ਵੀ ਪੇਸ਼ ਪੇਸ਼ ਹਨ। ਕੇਜਰੀਵਾਲ ਦੀ ਨੀਤੀ ਪੰਜਾਬ ਦੇ ਪਾਣੀਆਂ ਤੇ ਸਿੱਖ ਮੁੱਦਿਆਂ ਪ੍ਰਤੀ ਵੀ ਸੰਦੇਹਪੂਰਣ ਹੈ।

ਇਸ ਘੜੀ ਰਵਾਇਤੀ ਪਾਰਟੀਆਂ ਨੂੰ ਜਿਵੇ ਕਿਵੇ ਗਲੋਂ ਲਾਹੁਣ ਦੀ ਇੱਛਾ ਰੱਖਣ ਵਾਲੇ ਵੋਟਰਾਂ ਨੂੰ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰਾਂ ਨੂੰ ਵੀ ਵਿਚਾਰਨ ਦੀ ਲੋੜ ਹੈ। ਕਿਸਾਨ ਮੋਰਚੇ ਦੀ ਜਿੱਤ ਉਪਰੰਤ ਪੰਜਾਬ ਦੇ ਲੋਕਾਂ ਤੋ ਕਿਸਾਨ ਆਗੂਆਂ ਤੇ ਸਮਾਜ ਸੇਵੀ ਡਾ ਸਵੈਮਾਨ ਵਰਗਿਆਂ ਨੇ ਜੋ ਉਮੀਦ ਕੀਤੀ ਸੀ, ਉਸ ਉਮੀਦ ਦਾ ਕੀ ਬਣੇਗਾ?

ਸਫ਼ਾ 1 ਦੀ ਬਾਕੀ

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ



YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca




ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
















604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ




• Specialist in marriage appeals & residency appeals
• Under express entry program applicant can come to Canada within 6 month. For assessments you can visit or call.
investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸਰੀ ਵਾਈਟ ਰੌਕ ਵਾਸੀਆਂ ਨੇ ਗੈਰਕਾਨੂੰਨੀ ਕਾਫਲਾ ਨਾਕੇਬੰਦੀ ਲਈ 30000 ਡਾਲਰ ਦਾਨ ਕੀਤਾ

ਸਰੀ-ਵਾਈਟ ਰੌਕ ਤੇ ਸਰੀ ਦੇ ਲਗਪਗ 300 ਵਿਅਕਤੀਆਂ ਨੇ ਕਰਾਉਡਫੰਡਿੰਗ ਵੈੱਬਸਾਈਟ ਗਿਵਨਸੈਂਡਗੋ ਰਾਹੀਂ ਕਾਫਲਾ ਵਿਰੋਧ ਪ੍ਰਦਰਸ਼ਨਾਂ ਅਤੇ ਗੈਰਕਾਨੂੰਨੀ ਨਾਕੇਬੰਦੀਆਂ ਲਈ 30000 ਡਾਲਰ ਦਾਨ ਕੀਤਾ ਹੈ। ਇਸ ਦਾ ਖੁਲਾਸਾ ਵੈੱਬਸਾਈਟ ਦੇ ਹੈਕ ਕੀਤੇ ਡਾਟਾ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ। ਕਰਾਉਡਫੰਡਿੰਗ ਵੈੱਬਸਾਈਟ ਗਿਵਨਸੈਂਡਗੋ ਨੂੰ ਇਸ ਦੇ ਸਾਊਥ ਸਰੀ ਵਿਚ ਪੈਸੀਫਿਕ ਹਾਈਵੇਅ ਬਾਰਡਰ ਕਰੌਸਿੰਗ ਸਮੇਤ ਓਟਵਾ ਡਾਊਨਟਾਊਨ ਤੇ ਕੈਨੇਡਾ/ਅਮਰੀਕਾ ਸਰਹੱਦਾਂ ਨੂੰ ਰੋਕਣ ਵਾਲੇ ਟਰੱਕ ਡਰਾਈਵਰਾਂ ਲਈ ਫੰਡ ਇਕੱਠਾ ਕਰਨ ਲਈ ਵਰਤੋਂ ਕੀਤੀ ਜਾ ਰਹੀ ਹੈ ਪਿੱਛੋਂ ਇਸ ਹਫ਼ਤੇ ਦੇ ਸ਼ੁਰੂ ਵਿਚ ਇਸ ਨੂੰ ਹੈਕ ਕਰ ਲਿਆ ਸੀ। ਵਿਅਕਤੀ ਜਾਂ ਵਿਅਕਤੀਆਂ ਜਿਨ੍ਹਾਂ ਨੇ ਗੈਰਕਾਨੂੰਨੀ ਤਰੀਕੇ ਨਾਲ ਵੈੱਬਸਾਈਟ ਹੈਕ ਕੀਤੀ ਨੇ ਟਰੱਕ ਕਾਫਲੇ ਲਈ ਦਾਨ ਕਰਨ ਵਾਲੇ ਵਿਅਕਤੀ ਜਾਂ ਵਿਅਕਤੀਆਂ ਦੇ ਵੇਰਵੇ ਪੋਸਟ ਕੀਤੇ ਹਨ। ਹੈਕ ਕੀਤੇ ਜਾਣ ਪਿੱਛੋਂ ਗਿਵਨਸੈਂਡਗੋ ਨੇ ਕਿਹਾ ਕਿ ਉਸ ਦੀ ਸੁਰੱਖਿਆ ਟੀਮ ਨੇ ਹੋਰ ਨੁਕਸਾਨ ਨੂੰ ਰੋਕਣ ਲਈ ਵੈੱਬਸਾਈਟ ਨੂੰ ਤੁਰੰਤ ਬੰਦ ਕਰ ਦਿੱਤਾ ਹੈ।

## ਆਰਸੀਐਮਪੀ ਵਲੋਂ ਜਿਣਸੀ ਹਮਲਾ ਕਰਨ ਵਾਲੇ ਸ਼ੱਕੀ ਦੀ ਭਾਲ

ਵੈਨਕੂਵਰ-ਨੌਰਥ ਵੈਨਕੂਵਰ ਵਿਚ ਆਰਸੀਐਮਪੀ ਲਿਨ ਕੈਨਿਯਨ ਪਾਰਕ ਵਿਚ ਜਿਣਸੀ ਹਮਲੇ ਪਿੱਛੋਂ ਇਕ ਵਿਅਕਤੀ ਦੀ ਭਾਲ ਕਰ ਰਹੀ ਹੈ। ਆਰਸੀਐਮਪੀ ਦੇ ਇਕ ਬੁਲਾਰੇ ਸਾਰਜੈਂਟ ਪੀਟਰ ਡੀਵਰਿਸ ਨੇ ਇਕ ਤਿਆਰ ਬਿਆਨ ਵਿਚ ਦੱਸਿਆ ਕਿ ਹਮਲਾ 13 ਫਰਵਰੀ ਨੂੰ ਦੁਪਹਿਰ 1.30 ਵਜੇ ਹੋਇਆ ਜਦੋਂ ਪੀੜਤ ਵਰਲੇ ਲੂਪ ਟਰੇਲ ਤੋਂ ਬਾਹਰ ਆ ਰਹੀ ਸੀ ਅਤੇ ਰਾਈਸ ਲੇਕ ਰੋਡ 'ਤੇ ਫੁੱਟ ਬ੍ਰਿਜ ਪਾਰ ਕਰ ਰਹੀ ਸੀ। ਡੀਵਰਿਸ ਨੇ ਦੱਸਿਆ ਕਿ ਸ਼ੱਕੀ ਨੇ ਔਰਤ ਨੂੰ ਪਿੱਛੋਂ ਫੜ ਲਿਆ। ਪੁਲਿਸ ਨੇ ਇਸ ਸਬੰਧੀ ਲੋਕਾਂ ਨੂੰ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ।

# ਕਿਰਨ ਢੇਸੀ ਦੀ ਮੌਤ ਲਈ ਉਸ ਦੇ ਸਾਬਕਾ ਦੋਸਤ ਲੜਕੇ ਨੇ ਕਤਲ ਦਾ ਕੀਤਾ ਇਕਬਾਲ-ਸੁਣਾਈ ਜਾਵੇਗੀ ਸਜ਼ਾ

ਵੈਨਕੂਵਰ-ਅਗਸਤ 2017 ਵਿਚ 19 ਸਾਲਾ ਕਿਰਨ ਢੇਸੀ ਦੀ ਮੌਤ ਲਈ ਉਸ ਦੇ ਸਾਬਕਾ ਦੋਸਤ ਲੜਕੇ ਨੇ ਮੈਨਸਲਾਟਰ ਅਤੇ ਕਿਸ਼ੋਰ ਦੀ ਮੌਤ ਪਿੱਛੋ ਮਨੁੱਖੀ ਕੰਕਾਲ ਦੇ ਅਪਮਾਨ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਹਰਜੋਤ ਸਿੰਘ ਦਿਓ ਡਾਊਨਟਾਊਨ ਵੈਨਕੂਵਰ ਵਿਚ ਬੀਸੀ ਸੁਪਰੀਮ ਕੋਰਟ ਵਿਚ ਪੇਸ਼ ਹੋਇਆ। ਅਦਾਲਤ ਨੂੰ ਵਕੀਲ ਰਿਚਰਡ ਫੌਲਰ ਨੇ ਦੱਸਿਆ ਕਿ ਢੇਸੀ ਦੀ ਮੌਤ ਸਮੇਂ ਦਿਓ ਕੋਲ ਲੋਡਿਡ ਹੈਂਡਗਨ ਸੀ ਜਿਹੜੀ ਦੁਰਘਟਨਾ ਵੱਸ ਚਲ ਗਈ ਸੀ। ਫੌਲਰ ਨੇ ਅੱਗੇ ਕਿਹਾ ਕਿ ਦਿਓ ਨੇ ਫਿਰ ਉਸ ਦੀ ਲਾਸ਼ ਨੂੰ ਛੁਪਾਉਣ ਲਈ ਕਦਮ ਚੁੱਕੇ। ਢੇਸੀ ਦੀ ਲਾਸ਼ 2 ਅਗਸਤ 2017 ਨੂੰ ਸਰੀ ਵਿਚ 24 ਐਵੀਨਿਊ ਅਤੇ 188 ਸਟਰੀਟ ਵਿਚ ਸੜ ਰਹੀ ਐਸਯੂਵੀ ਵਿਚੋਂ ਮਿਲੀ ਸੀ। ਦਿਓ ਦੇ ਪਰਿਵਾਰ ਦੇ ਚਾਰ ਮੈਂਬਰ ਜਿਸ ਵਿਚ ਉਸ ਦੀ ਮਾਂ, ਭੈਣ, ਭਰਾ ਤੇ ਇਕ ਦੂਰ ਦਾ ਰਿਸ਼ਤੇਦਾਰ ਸ਼ਾਮਿਲ ਹੈ ਕਤਲ ਪਿੱਛੋਂ ਸਹਾਇਤਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ। ਅਦਾਲਤ ਦੇ ਰਿਕਾਰਡ ਮੁਤਾਬਿਕ ਦਿਓ ਦੀ ਭੈਣ ਦੇ ਖਿਲਾਫ ਦੋਸ਼ਾਂ ਨੂੰ ਰੋਕ ਦਿੱਤਾ ਗਿਆ ਹੈ। ਉਸ ਦਾ ਭਰਾ ਗੁਰਵਿੰਦਰ ਦਿਓ ਅਤੇ ਦੂਰ ਦਾ ਰਿਸ਼ਤੇਦਾਰ ਤਲਵਿੰਦਰ ਖੁਣਖੁਣ ਅਜੇ ਵੀ ਅਦਾਲਤ ਦਾ ਸਾਹਮਣਾ ਕਰ ਰਹੇ ਹਨ। ਦੋਵੇਂ ਮਨੁੱਖੀ ਲਾਸ਼ ਵਿਚ ਦਖਲਅੰਦਾਜ਼ੀ ਕਰਨ ਜਾਂ ਅਪਮਾਨ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਦਿਓ ਦੀ ਮਾਂ ਨੇ ਪੁਲਿਸ ਅਫਸਰ ਦਾ ਜਾਣਬੁੱਝ ਕੇ ਵਿਰੋਧ ਕਰਨ ਜਾਂ ਰੁਕਾਵਟ ਪਾਉਣ ਦਾ ਆਪਣਾ ਕਸੂਰ ਸਵੀਕਾਰ ਲਿਆ ਸੀ ਅਤੇ ਉਸ ਨੂੰ 12 ਮਹੀਨੇ ਦੇ ਪ੍ਰੋਬੇਸ਼ਨ ਤੇ 200 ਡਾਲਰ ਪੀੜਤ ਸਰਚਾਰਜ ਦੀ ਸ਼ਰਤ ਦੀ ਸਜ਼ਾ ਨਾਲ ਛੁੱਟੀ ਦਿੱਤੀ ਗਈ ਸੀ। ਢੇਸੀ ਜਿਸ ਦਾ ਪੂਰਾ ਨਾਂਅ ਭਾਵਕਿਰਨ ਸੀ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਦੀ ਵਿਦਿਆਰਥਣ ਸੀ ਅਤੇ ਉਸ ਦੇ ਕਿਸੇ ਅਪਰਾਧ ਜਾਂ ਗੈਂਗ ਸਰਗਰਮੀ ਨਾਲ ਕੋਈ ਸਬੰਧ ਨਹੀਂ ਸੀ। ਦਿਓ ਨੂੰ ਸਜ਼ਾ ਦੇਣ ਦੀ ਤਾਰੀਕ ਦਾ ਫ਼ੈਸਲਾ 23 ਫਰਵਰੀ ਨੂੰ ਕੀਤਾ ਜਾਵੇਗਾ ਅਤੇ ਕਰਾਉਨ ਨੇ ਦੱਸਿਆ ਕਿ ਉਸ ਨੂੰ ਜੂਨ ਜਾਂ ਜੁਲਾਈ ਵਿਚ ਕਿਸੇ ਵੀ ਸਮੇਂ ਸਜ਼ਾ ਦਿੱਤੇ ਜਾਣ ਦੀ ਸੰਭਾਵਨਾ ਹੈ।



# ਮੁੱਖ ਮੰਤਰੀ ਚੰਨੀ ਵਲੋਂ 'ਭਈਆਂ ਨੂੰ ਪੰਜਾਬ ਵੜਨ ਨਹੀਂ ਦੇਣਾ' ਦੀ ਟਿਪਣੀ ਦਾ ਆਮ ਆਦਮੀ ਪਾਰਟੀ ਵਲੋਂ ਤਿੱਖਾ ਵਿਰੋਧ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਇਕ ਚੋਣ ਰੈਲੀ ਵਿਚ ਕੀਤੀ ਟਿੱਪਣੀ 'ਤੇ ਵਿਵਾਦ ਹੋ ਗਿਆ ਹੈ। ਇਸ ਟਿੱਪਣੀ ਰਾਹੀਂ ਉਨ੍ਹਾਂ 'ਆਪ' ਆਗੂਆਂ 'ਤੇ ਨਿਸ਼ਾਨਾ ਸੇਧਣ ਦੀ ਕੋਸ਼ਿਸ਼ ਕੀਤੀ ਸੀ। ਚੰਨੀ ਨੇ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਦੀ ਹਾਜ਼ਰੀ ਵਿਚ ਰੂਪਨਗਰ 'ਚ ਲੋਕਾਂ ਨੂੰ ਕਿਹਾ ਕਿ ਯੂਪੀ, ਬਿਹਾਰ ਤੇ ਦਿੱਲੀ ਦੇ 'ਭੱਈਆਂ' ਨੂੰ ਪੰਜਾਬ ਵਿਚ ਦਾਖਲ ਨਾ ਹੋਣ ਦੇਣ। ਯੂਪੀ, ਬਿਹਾਰ ਦੇ ਲੋਕਾਂ ਲਈ ਇਹ ਸ਼ਬਦ ਵਰਤਣਾ ਅਪਮਾਨਜਨਕ ਮੰਨਿਆ ਜਾਂਦਾ ਹੈ। ਇਕ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੈ ਜਿਸ ਵਿਚ ਮੁੱਖ ਮੰਤਰੀ ਚੰਨੀ ਪਿੱਛੇ ਬੈਠੀ ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਮੁੱਖ ਮੰਤਰੀ ਵੱਲੋਂ ਇਹ ਟਿੱਪਣੀ ਕਰਨ 'ਤੇ ਤਾੜੀਆਂ ਮਾਰਦੀ ਨਜ਼ਰ ਆ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, 'ਪ੍ਰਿਯੰਕਾ ਗਾਂਧੀ ਪੰਜਾਬ ਦੀ ਨੂੰਹ ਹੈ। ਅਸੀਂ ਯੂ ਪੀ, ਬਿਹਾਰ, ਦਿੱਲੀ ਦੇ ਭੱਈਆਂ ਨੂੰ ਜੋ ਇੱਥੇ ਰਾਜ ਕਰਨ ਆ ਗਏ ਹਨ, ਨੂੰ ਸੂਬੇ ਵਿਚ ਵੜਨ ਨਹੀਂ ਦਿਆਂਗੇ।' ਆਮ ਆਦਮੀ ਪਾਰਟੀ ਨੇ ਚੰਨੀ ਦੀ ਆਲੋਚਨਾ ਕੀਤੀ ਹੈ। 'ਆਪ' ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੰਨੀ ਦੀ ਟਿੱਪਣੀ ਨੂੰ 'ਸ਼ਰਮਨਾਕ' ਕਰਾਰ ਦਿੱਤਾ ਹੈ। ਕੇਜਰੀਵਾਲ ਨੇ ਕਿਹਾ ਕਿ ਚੰਨੀ ਨੇ ਪਹਿਲਾਂ ਉਨ੍ਹਾਂ ਦੇ ਰੰਗ ਉਤੇ ਵੀ ਵਿਅੰਗ ਕਸਿਆ ਸੀ ਤੇ 'ਕਾਲਾ' ਕਿਹਾ ਸੀ। ਜਦ ਭਗਵੰਤ ਮਾਨ ਨੇ ਕਿਹਾ ਕਿ ਪ੍ਰਿਯੰਕਾ ਵੀ ਯੂਪੀ ਨਾਲ ਸਬੰਧਤ ਹੈ ਤਾਂ ਕੇਜਰੀਵਾਲ ਨੇ ਕਿਹਾ ਕਿ ਉਹ ਵੀ ਫਿਰ 'ਭੱਈਆ' ਹੋਈ। ਭਾਜਪਾ ਆਗੂ ਤੇਜਸਵੀ ਸੂਰਿਆ ਨੇ ਚੰਨੀ ਦੀ ਇਹ ਵੀਡੀਓ ਟਵਿੱਟਰ ਉਤੇ ਸ਼ੇਅਰ ਕੀਤੀ ਹੈ।

# ਕੋਕੁਇਟਲਮ 'ਚ ਵੱਡੀ ਮਾਤਰਾ 'ਚ ਨਕਦੀ ਮਿਲੀ-ਪੁਲਿਸ ਨੂੰ ਮਾਲਕ ਦੀ ਭਾਲ

ਸਰੀ-ਕੋਕੁਇਟਲਮ ਵਿਚ ਪੁਲਿਸ ਇਕ ਵੱਡੀ ਰਕਮ ਦੇ ਮਾਲਕ ਦੀ ਭਾਲ ਕਰ ਰਹੀ ਹੈ ਜਿਹੜੀ ਪਿਛਲੇ ਹਫਤੇ ਕਿਸੇ ਸਮੇਂ ਰਿਹਾਇਸ਼ੀ ਇਲਾਕੇ ਵਿਚ ਡਿਗ ਪਈ ਸੀ। ਪੁਲਿਸ ਨੇ ਦੱਸਿਆ ਕਿ ਨਕਦੀ ਪਿਛਲੇ ਬੁੱਧਵਾਰ ਰੋਕਸਟਰ ਐਵੀਨਿਊ ਨੇੜੇ ਸਕੂਲਹਾਊਸ ਸੜਕ 'ਤੇ ਇਕ ਚੰਗੇ ਆਚਰਣ ਵਾਲੇ ਵਿਅਕਤੀ ਨੂੰ ਲੱਭੀ ਤੇ ਉਸ ਨੇ ਇਸ ਨੂੰ ਪੁਲਿਸ ਨੂੰ ਦੇ ਦਿੱਤਾ। ਕੰਸਟੇਬਲ ਡੇਆਨਾ ਲਾਅ ਨੇ ਪੈਸੇ ਲੱਭਣ ਪਿੱਛੋਂ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਜਦੋਂ ਸਹੀ ਵਿਅਕਤੀ ਸਾਨੂੰ ਫੋਨ ਕਰੇ ਤਾਂ ਇਹ ਯਕੀਨੀ ਬਣਾਉਣ ਲਈ ਉਸ ਨੂੰ ਸਾਡੇ ਖਾਸ ਪ੍ਰਸ਼ਨਾਂ ਦਾ ਜਵਾਬ ਦੇਣਾ ਪਵੇਗਾ ਕਿ ਅਸੀਂ ਸਹੀ ਵਿਅਕਤੀ ਨੂੰ ਪੈਸੇ ਵਾਪਸ ਕਰ ਰਹੇ ਹਾਂ। ਨਕਦੀ ਦੀ ਰਕਮ ਬਾਰੇ ਵੇਰਵੇ ਨਹੀਂ ਦਿੱਤੇ ਗਏ ਭਾਵ ਨਕਦੀ ਕਿੰਨੀ ਸੀ ਜਾਂ ਇਸ ਵਿਚ ਕਿਹੜੇ ਨੋਟ ਹਨ। ਪੁਲਿਸ ਨੇ ਕਿਹਾ ਕਿ ਇਨ੍ਹਾਂ ਵੇਰਵਿਆਂ ਨਾਲ ਸਹੀ ਮਾਲਕ ਦੀ ਪਛਾਣ ਹੋਵੇਗੀ। ਪੁਲਿਸ ਨੇ ਸਿਰਫ ਇਹ ਜਾਣਕਾਰੀ ਦਿੱਤੀ ਹੈ ਕਿ ਨਕਦੀ ਕਾਫੀ ਸੀ। ਕੋਕੁਇਟਲਮ ਆਰਸੀਐਮਪੀ ਜਨਤਾ ਨੂੰ ਯਾਦ ਕਰਵਾਉਣਾ ਚਾਹੇਗੀ ਕਿ ਜੇਕਰ ਤੁਹਾਡੇ ਜ਼ਿਆਦਾ ਮਾਤਰਾ ਵਿਚ ਪੈਸੇ ਗੁਆਚ ਜਾਂਦੇ ਹਨ ਤਾਂ ਤੁਸੀਂ ਪੁਲਿਸ ਨੂੰ ਫੋਨ ਕਰ ਸਕਦੇ ਹੋ ਤੇ ਰਿਪੋਰਟ ਕਰ ਸਕਦੇ ਹੋ। ਲਾਅ ਨੇ ਕਿਹਾ ਕਿ ਘਬਰਾਹਟ ਮਹਿਸੂਸ ਕਰਨ ਦਾ ਕੋਈ ਕਾਰਨ ਨਹੀਂ।

## ਐਬਟਸਫੋਰਡ ਵਿਚ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ

ਸਰੀ-30 ਸਾਲਾ ਵਿਅਕਤੀ ਦੀ ਐਬਟਸਫੋਰਡ ਵਿਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਕ ਬਿਆਨ ਵਿਚ ਐਬਟਸਫੋਰਡ ਪੁਲਿਸ ਨੇ ਕਿਹਾ ਕਿ ਇਕ ਅਫਸਰ ਨੂੰ ਐਮਰਸਨ ਸਟਰੀਟ ਅਤੇ ਸਾਈਮਨ ਐਵੀਨਿਊ ਚੌਰਾਹੇ 'ਤੇ ਦੁਪਹਿਰ 2.19 ਵਜੇ ਰੋਕਿਆ ਗਿਆ ਅਤੇ ਉਸ ਨੂੰ ਚਾਕੂ ਮਾਰਨ ਦੀ ਜਾਣਕਾਰੀ ਦਿੱਤੀ ਗਈ। ਮੌਕੇ 'ਤੇ ਪਹੁੰਚਣ ਪਿੱਛੋਂ ਪੁਲਿਸ ਨੂੰ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਮਿਲਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਇਸ ਕਤਲ ਲਈ ਕਿਸੇ ਸ਼ੱਕੀ ਦੀ ਪਛਾਣ ਨਹੀਂ ਕੀਤੀ ਗਈ।

## ਕੇਜਰੀਵਾਲ ਨੇ 65 ਦਲ ਲਬਦਲੂਆਂ ਨੂੰ ਟਿਕਟਾਂ ਵੇਚੀਆਂ-ਸੁਖਬੀਰ

ਬਰਨਾਲਾ-ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅੱਜ ਬਰਨਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਕੁਲਵੰਤ ਸਿੰਘ ਕੀਤੂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਉਨ੍ਹਾਂ 25 ਏਕੜ ਕਾਲੋਨੀ ਦੇ ਦੁਸਹਿਰਾ ਮੈਦਾਨ 'ਚ ਭਾਰੀ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੇਹੜੀ, ਰਿਕਸ਼ਾ ਚਲਾਉਣ ਅਤੇ ਮਜ਼ਦੂਰੀ ਕਰਨ ਵਾਲੇ ਲੋਕਾਂ ਨੂੰ ਵਿਧਾਨ ਸਭਾ ਦੀਆਂ ਟਿਕਟਾਂ ਦੇਣ ਦਾ ਦਾਅਵਾ ਕਰਨ ਵਾਲੇ ਕੇਜਰੀਵਾਲ ਨੇ ਅਕਾਲੀ ਦਲ ਤੇ ਦੂਜੀਆਂ ਪਾਰਟੀਆਂ ਵਿੱਚੋਂ ਕੱਢੇ ਆਗੂਆਂ ਨੂੰ ਧੜਾਧੜ ਟਿਕਟਾਂ ਵੰਡੀਆਂ। ਸੁਖਬੀਰ ਨੇ ਕਿਹਾ ਕਿ ਕੇਜਰੀਵਾਲ ਨੇ 117 ਸੀਟਾਂ ਵਿੱਚੋਂ 65 ਸੀਟਾਂ ਦਲਬਦਲੂਆਂ ਨੂੰ ਵੰਡੀਆਂ ਹਨ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site (Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions & Get Sold Guaranteed
We Help Buyers With Cash Back
Buy, Sell, Mortgage or Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਅਕਾਲੀ ਦਲ ਦੇ ਚੋਣ ਮੈਨੀਫੈਸਟੋ ਵਿਚ ਵਾਅਦਿਆਂ ਦੀ ਝੜੀ

## ਸ਼ਰਾਬ ਤੇ ਰੇਤ ਮਾਫੀਆ ਤੇ ਕੰਟਰੋਲ ਲਈ ਬਣੇਗੀ ਕਾਰਪੋਰੇਸ਼ਨ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਸੂਬੇ ਦੇ ਲੋਕਾਂ ਲਈ ਗੱਫੇ ਵੰਡਣ ਦੇ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇੱਥੇ ਜਾਰੀ ਕੀਤੇ ਚੋਣ ਮਨੋਰਥ ਪੱਤਰ ਵਿੱਚ ਸਾਰੇ ਵਰਗਾਂ ਨੂੰ ਪਤਿਆਉਣ ਦੇ ਯਤਨ ਕੀਤੇ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਕਿਸਾਨਾਂ, ਦਲਿਤਾਂ, ਔਰਤਾਂ, ਨੌਜਵਾਨਾਂ, ਬੇਰੁਜ਼ਗਾਰਾਂ, ਵਿਦੇਸ਼ ਜਾਣ ਦੇ ਚਾਹਵਾਨਾਂ, ਪਰਵਾਸੀਆਂ, ਹਿੰਦੂ ਵਰਗ,ਉਦਮੀਆਂ ਲਈ ਰਾਹਤਾਂ ਤੇ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ ਹੈ ਉਥੇ ਹੀ ਸੂਬੇ ਦੇ ਅਰਥਚਾਰੇ ਦੀ ਮਜ਼ਬੂਤੀ ਤੇ ਆਦਮਨ ਵਧਾਉਣ 'ਤੇ ਵੀ ਧਿਆਨ ਕੇਂਦਰਤ ਕੀਤਾ ਗਿਆ ਹੈ। ਰੇਤ ਤੇ ਸ਼ਰਾਬ ਦੀ ਵਿਕਰੀ ਸਰਕਾਰੀ ਨਿਗਮ ਦੇ ਕੰਟਰੋਲ ਅਧੀਨ ਲਿਆਉਣ ਦਾ ਵਾਅਦਾ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਰਜੀ ਊਰਜਾ ਦੇ ਵੱਡੇ ਪਲਾਂਟ ਲਗਾ ਕੇ ਬਿਜਲੀ ਸਬਸਿਡੀ ਦੇ ਰੂਪ 'ਚ ਪਾਵਰਕੌਮ ਨੂੰ ਕੀਤੀ ਜਾਂਦੀ ਅਦਾਇਗੀ ਤੋਂ ਸਰਕਾਰੀ ਖ਼ਜ਼ਾਨੇ ਨੂੰ ਰਾਹਤ ਦਿਵਾ ਕੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕੰਡੀ ਖੇਤਰ ਦੇ ਵਿਕਾਸ ਲਈ ਨਵਾਂ ਮੰਤਰਾਲਾ ਕਾਇਮ ਕਰਨ ਸਮੇਤ ਵੱਖ-ਵੱਖ ਵਰਗਾਂ ਲਈ ਭਲਾਈ ਬੋਰਡਾਂ ਦੇ ਗਠਨ ਦਾ ਐਲਾਨ ਵੀ ਕੀਤਾ। ਬੁਢਾਪਾ ਤੇ ਸਮਾਜ ਭਲਾਈ ਦੀਆਂ ਹੋਰਨਾਂ ਪੈਨਸ਼ਨਾਂ ਦੀ ਰਾਸ਼ੀ 1500 ਰੁਪਏ ਤੋਂ ਵਧਾ ਕੇ 3100 ਰੁਪਏ ਕਰਨ ਅਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸ਼ਗਨ ਦੀ ਰਾਸ਼ੀ 51 ਹਜ਼ਾਰ ਤੋਂ ਵਧਾ ਕੇ 75 ਹਜ਼ਾਰ ਰੁਪਏ ਕਰਨ ਦਾ ਵਾਅਦਾ ਵੀ ਕੀਤਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਅਕਾਲੀ-ਬਸਪਾ ਨੇ ਸਿਰਫ਼ ਉਹੀ ਵਾਅਦੇ ਕੀਤੇ ਹਨ ਜੋ ਨਿਭਾਏ ਜਾ ਸਕਣ। ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਲੋਕਾਂ ਨਾਲ ਵੱਡੇ ਵਾਅਦੇ ਕਰਕੇ ਸੱਤਾ 'ਚ ਆਈ ਕਾਂਗਰਸ ਨੇ ਲੋਕਾਂ ਨੂੰ ਲੁੱਟਣ ਦੇ ਕੁੱਟਣ ਤੋਂ ਬਿਨਾਂ ਪੰਜ ਸਾਲਾਂ ਦੇ ਸਮੇਂ ਦੌਰਾਨ ਕੁਝ ਵੀ ਨਹੀਂ ਕੀਤਾ। ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ 'ਚ ਸੂਬੇ ਦੇ ਬੁਨਿਆਦੀ ਮੁੱਦਿਆਂ ਪਾਣੀਆਂ ਦੀ ਵੰਡ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤਬਦੀਲ ਕਰਨ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਪੰਜਾਬ ਨੂੰ ਕਰਾਂ ਦਾ ਹਿੱਸਾ ਵਧਾਉਣਾ, 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਜਿਹੇ ਮੁੱਦਿਆਂ 'ਤੇ ਪਹਿਰਾ ਦਿੱਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਸੂਬੇ ਵਿੱਚ ਅਕਾਲੀ-ਬਸਪਾ ਸਰਕਾਰ ਬਣਨ 'ਤੇ ਬੇਘਰੇ ਲੋਕਾਂ ਲਈ 5 ਲੱਖ ਪੱਕੇ ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ ਅਤੇ 5 ਮਰਲੇ ਦੇ ਪਲਾਟ ਦਿੱਤੇ ਜਾਣਗੇ। ਨੀਲੇ ਕਾਰਡ ਧਾਰਕ ਪਰਿਵਾਰਾਂ ਦੀ ਮੁਖੀ ਔਰਤ ਨੂੰ 2 ਹਜ਼ਾਰ ਰੁਪਏ ਪ੍ਰਤੀ ਮਹੀਨਾ, ਹਰ ਘਰ ਨੂੰ 800 ਯੂਨਿਟ ਪ੍ਰਤੀ ਬਿਲ ਮੁਆਫ਼, ਸਮੁੱਚੇ ਲੋਕਾਂ ਲਈ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ, ਵਿਦਿਆਰਥੀ ਕਾਰਡ ਜਾਰੀ ਕਰਕੇ 10 ਲੱਖ ਰੁਪਏ ਤੱਕ ਦਾ ਬਿਨਾਂ ਵਿਆਜ਼ ਕਰਜ਼ਾ, ਤਨਖਾਹ ਕਮਿਸ਼ਨ ਦੀਆਂ ਸਾਰੀਆਂ ਸਿਫਾਰਸ਼ਾਂ ਲਾਗੂ ਕਰਨਾ, 2004 ਤੋਂ ਪਹਿਲਾਂ ਵਾਲੀ ਪੈਨਸ਼ਨ ਸਕੀਮ ਲਾਗੂ ਕਰਨਾ, ਕੱਚੇ ਮੁਲਾਜ਼ਮ ਪੱਕੇ ਕਰਨਾ, ਫਲਾਂ, ਸਬਜ਼ੀਆਂ ਅਤੇ ਦੁੱਧ 'ਤੇ ਐੱਮਐੱਸਪੀ ਦੇਣਾ, ਕਿਸਾਨਾਂ ਲਈ ਫਸਲ ਬੀਮਾ 50 ਹਜ਼ਾਰ ਰੁਪਏ ਪ੍ਰਤੀ ਏਕੜ ਦੇਣਾ, ਖੇਤੀਬਾੜੀ ਲਈ 10 ਰੁਪਏ ਤੱਕ ਲਿਟਰ ਸਸਤਾ ਤੇਲ ਦੇਣਾ, ਬਾਬੂ ਕਾਸ਼ੀ ਰਾਮ, ਭਗਵਾਨ ਵਾਲਮੀਕਿ, ਗੁਰੂ ਰਵੀਦਾਸ ਦੇ ਨਾਂ 'ਤੇ ਤਿੰਨ ਯੂਨੀਵਰਸਿਟੀਆਂ ਸਮੇਤ ਸਕਿੱਲ ਯੂਨੀਵਰਸਿਟੀ ਦੀ ਸਥਾਪਨਾ ਕਰਨਾ, ਪੰਜਾਬੀ ਨੌਜਵਾਨਾਂ ਲਈ ਸਰਕਾਰੀ ਤੇ ਪ੍ਰਾਈਵੇਟ ਖੇਤਰ ਵਿੱਚ 75 ਫੀਸਦੀ ਰਾਖਵਾਂਕਰਨ ਦੇਣਾ, ਸਰਕਾਰੀ ਖੇਤਰ ਵਿੱਚ ਇੱਕ ਲੱਖ ਤੱਕ ਨੌਕਰੀਆਂ ਦੇਣਾ ਤੇ ਖਾਲੀ ਅਸਾਮੀਆਂ ਭਰਨ ਸਮੇਤ 10 ਲੱਖ ਨੌਕਰੀਆਂ ਪ੍ਰਾਈਵੇਟ ਖੇਤਰ 'ਚ ਦੇਣਾ, ਸਰਕਾਰੀ ਨੌਕਰੀਆਂ ਵਿੱਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਦੇਣਾ। ਸੁਖਬੀਰ ਸਿੰਘ ਬਾਦਲ ਨੇ ਵਾਅਦਾ ਕੀਤਾ ਕਿ ਪੰਜਾਬ 'ਚ ਕਾਨੂੰਨ ਦਾ ਰਾਜ ਲਾਗੂ ਕਰਕੇ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਧੱਕਿਆ ਜਾਵੇਗਾ ਤੇ ਲੋਕਾਂ ਲਈ ਭੈਅਮੁਕਤ ਮਹੌਲ ਸਿਰਜਣਾ ਸਰਕਾਰ ਦੀ ਪਹਿਲ ਹੋਵੇਗਾ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀਆਂ ਵਿੱਚ 33 ਫੀਸਦੀ ਰਾਖਵਾਂਕਰਨ ਦੇਣਾ, ਲਘੂ ਉਦਯੋਗਾਂ ਤੇ ਛੋਟੇ ਵਪਾਰੀਆਂ ਲਈ ਮੰਤਰਾਲੇ ਦੀ ਸਥਾਪਨਾ ਕਰਨਾ, ਉਦਯੋਗਾਂ ਲਈ ਬਿਜਲੀ 5 ਰੁਪਏ ਯੂਨਿਟ ਦੇਣਾ, ਟਰੱਕ ਯੂਨੀਅਨਾਂ ਦੀ ਮੁੜ ਬਹਾਲੀ, ਦੁਕਾਨਦਾਰਾਂ ਦੇ ਸਾਮਾਨ ਦਾ 10 ਲੱਖ ਰੁਪਏ ਤੱਕ ਦਾ ਬੀਮਾ, ਵਿਸ਼ਵ ਕਬੱਡੀ ਕੱਪ ਬਹਾਲ ਕਰਨਾ, ਮਾਰਵਾੜੀ ਨਸਲ ਦੇ ਘੋੜਿਆਂ ਲਈ ਰੇਸ ਕੋਰਸ ਬਣਾਉਣਾ, ਓਲੰਪਿਕ ਖੇਡਾਂ ਦੇ ਸੋਨ ਤਗਮੇ ਜਿੱਤਣ ਵਾਲਿਆਂ ਨੂੰ 7 ਕਰੋੜ ਰੁਪਏ ਦਾ ਇਨਾਮ ਦੇਣਾ, ਡਰੱਗ ਵਾਰ ਰੂਮ ਮੁੱਖ ਮੰਤਰੀ ਅਧੀਨ ਲਿਆਉਣ, ਔਰਤਾਂ ਨੂੰ ਦੁਧਾਰੂ ਪਸ਼ੂ ਪਾਲਣ ਲਈ ਬਿਨਾਂ ਵਿਆਜ਼ ਕਰਜ਼ੇ ਦੇਣਾ, ਦਰਿਆਈ ਪਾਣੀਆਂ ਦਾ ਪ੍ਰਦੂਸ਼ਣ ਖਤਮ ਕਰਨਾ, ਖੇਤੀਬਾੜੀ ਦੇ ਸਹਾਇਕ ਧੰਦਿਆਂ ਨੂੰ ਪ੍ਰਫੁੱਲਤ ਕਰਨ ਪ੍ਰਸ਼ਾਸਕੀ ਸੁਧਾਰ ਵਿਭਾਗ ਨੂੰ ਵਧੇਰੇ ਜਵਾਬਦੇਹ ਬਣਾਉਣਾ, ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਦੇ ਉਪਰਾਲੇ ਕਰਨਾ ਸਰਕਾਰ ਦੀ ਤਰਜੀਹ ਹੋਣਗੇ।



# ਆਪ ਦੇ ਸਾਬਕਾ ਸਾਂਸਦ ਹਰਿੰਦਰ ਸਿੰਘ ਖਾਲਸਾ ਅਕਾਲੀ ਦਲ ਵਿਚ ਸ਼ਾਮਿਲ

ਚੰਡੀਗੜ੍ਹ-ਸਾਬਕਾ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਅੱਜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਉਹ ਇਸ ਤੋਂ ਪਹਿਲਾਂ ਭਾਜਪਾ ਨਾਲ ਜੁੜੇ ਹੋਏ ਸਨ ਤੇ 2014 ਦੀਆਂ ਸੰਸਦ ਚੋਣਾਂ ਦੌਰਾਨ ਫਤਿਹਗੜ੍ਹ ਸਾਹਿਬ ਹਲਕੇ ਤੋਂ 'ਆਪ' ਵੱਲੋਂ ਚੋਣ ਜਿੱਤ ਕੇ ਸੰਸਦ ਮੈਂਬਰ ਬਣੇ ਸਨ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖਾਲਸਾ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਬਕਾ ਸੰਸਦ ਮੈਂਬਰ ਅੱਜ ਆਪਣੀ ਪਿਤਰੀ ਪਾਰਟੀ ਵਿੱਚ ਹੀ ਵਾਪਸ ਆ ਗਏ ਹਨ। ਉਨ੍ਹਾਂ ਕਿਹਾ ਕਿ ਹਰਿੰਦਰ ਖਾਲਸਾ ਜੋ ਵਿਦੇਸ਼ ਸੇਵਾ ਦੇ ਅਧਿਕਾਰੀ ਰਹੇ, ਪਾਰਟੀ ਉਨ੍ਹਾਂ ਦੇ ਤਜਰਬੇ ਦਾ ਲਾਭ ਲਵੇਗੀ ਤੇ ਉਨ੍ਹਾਂ ਦਾ ਬਣਦਾ ਮਾਣ-ਸਤਿਕਾਰ ਵੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਹਰਿੰਦਰ ਸਿੰਘ ਖਾਲਸਾ 2014 ਦੀਆਂ ਚੋਣਾਂ ਵਿੱਚ 'ਆਪ' ਦੇ ਸੰਸਦ ਮੈਂਬਰ ਸਨ, ਪਰ ਪਾਰਟੀ ਨਾਲ ਮੱਤਭੇਦ ਹੋਣ ਤੋਂ ਬਾਅਦ ਉਨ੍ਹਾਂ ਬਾਗੀ ਸੁਰ ਅਖ਼ਤਿਆਰ ਕਰ ਲਈ ਸੀ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਦਿੱਲੀ ਦੇ ਮੁਲਾਜ਼ਮਾਂ ਵੱਲੋਂ ਭਗਵੰਤ ਮਾਨ ਦੇ ਦਫਤਰ ਦੇ ਬਾਹਰ ਰੋਸ ਧਰਨਾ

## ਕੇਜਰੀਵਾਲ ਸਰਕਾਰ ਤੇ ਸਰਕਾਰੀ ਠੇਕੇ ਨਿੱਜੀ ਹੱਥਾਂ ਵਿਚ ਦੇਣ ਦੇ ਦੋਸ਼

ਧੂਰੀ-ਦਿੱਲੀ ਸਰਕਾਰ ਦੇ ਡੀਐੱਸਆਈ ਆਈਡੀ ਵਿਭਾਗ ਦੇ ਸ਼ਰਾਬ ਦੇ ਠੇਕਿਆਂ ਦੇ ਫਾਰਗ ਕੀਤੇ ਮੁਲਾਜ਼ਮਾਂ ਨੇ ਆਮ ਆਦਮੀ ਪਾਰਟੀ ਦੇ ਹਲਕਾ ਧੂਰੀ ਤੋਂ ਉਮੀਦਵਾਰ ਅਤੇ ਮੁੱਖ ਮੰਤਰੀ ਦੇ ਚਿਹਰੇ ਭਗਵੰਤ ਮਾਨ ਦੇ ਸਥਾਨਕ ਚੋਣ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਕੇਜਰੀਵਾਲ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਨੇ ਦਿੱਲੀ ਵਿੱਚ ਸ਼ਰਾਬ ਦੇ ਸਰਕਾਰੀ ਠੇਕੇ ਬੰਦ ਕਰਕੇ ਸ਼ਰਾਬ ਦੀ ਵਿਕਰੀ ਨਿੱਜੀ ਹੱਥਾਂ ਵਿੱਚ ਦੇ ਕੇ ਪਿਛਲੇ 15-20 ਸਾਲਾਂ ਤੋਂ ਸ਼ਰਾਬ ਦੇ ਸਰਕਾਰੀ ਠੇਕਿਆਂ ਉੱਤੇ ਕੰਮ ਕਰ ਰਹੇ 194 ਮੁਲਾਜ਼ਮਾਂ ਦੀ ਇੱਕਦਮ ਛਾਂਟੀ ਕਰਕੇ ਉਨ੍ਹਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਉਹ 16 ਨਵੰਬਰ ਤੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਠੋਕਰਾਂ ਖਾ ਰਹੇ ਹਨ ਪਰ ਅੱਜ ਤੱਕ ਕੇਜਰੀਵਾਲ ਨੇ ਉਨ੍ਹਾਂ ਨੂੰ ਮਿਲਣ ਦਾ ਸਮਾਂ ਨਹੀਂ ਦਿੱਤਾ। ਮੁਲਾਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਕੇਜਰੀਵਾਲ ਪੰਜਾਬ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ, ਜਿਸ ਕਾਰਨ ਅੱਜ ਉਨ੍ਹਾਂ ਨੂੰ ਮੁੱਖ ਮੰਤਰੀ ਚਿਹਰੇ ਦੇ ਉਮੀਦਵਾਰ ਦੇ ਦਫ਼ਤਰ ਅੱਗੇ ਧਰਨਾ ਦੇਣਾ ਪਿਆ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਕੇਜਰੀਵਾਲ ਸਰਕਾਰ ਦੀਆਂ ਲੂੰਬੜ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਅੰਦਰ ਸਰਕਾਰ ਦਾ ਬੁਰਾ ਹਾਲ ਹੈ ਉਹੀ ਹਾਲ ਪੰਜਾਬ ਦੇ ਲੋਕਾਂ ਨਾਲ ਕਰਨ ਆ ਰਹੀ ਹੈ।

# ਮਾਨ ਵੱਲੋਂ ਦੀਪ ਸਿੱਧੂ ਦਾ ਹਾਦਸਾ ਸਾਜਿਸ਼ ਕਰਾਰ

ਫਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬੀਤੀ ਰਾਤ ਸੜਕ ਹਾਦਸੇ 'ਚ ਹੋਈ ਦੀਪ ਸਿੰਘ ਸਿੱਧੂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਇਸ ਹਾਦਸੇ ਨੂੰ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦੀਪ ਸਿੰਘ ਸਿੱਧੂ ਦੀ ਮੌਤ ਨੂੰ ਸਾਜ਼ਿਸ਼ੀ ਸ਼ੰਕਿਆਂ ਦੇ ਨਜ਼ਰੀਏ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ ਕਿਉਂਕਿ 26 ਜਨਵਰੀ, 2021 ਨੂੰ ਕਿਸਾਨੀ ਅੰਦੋਲਨ ਦੌਰਾਨ ਉਸ ਨੇ ਦਿੱਲੀ ਦੇ ਲਾਲ ਕਿਲੇ 'ਤੇ ਕੇਸਰੀ ਝੰਡਾ ਲਹਿਰਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਦ੍ਰਿੜਤਾ ਨਾਲ ਤਰਜਮਾਨੀ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੀਪ ਸਿੰਘ ਸਿੱਧੂ ਦੀ ਮੌਤ ਦੀ ਕੌਮਾਂਤਰੀ ਏਜੰਸੀਆਂ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਹਾਦਸੇ ਦੇ ਵਰਤਾਰੇ ਨੂੰ ਸਾਜ਼ਿਸ਼ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।





# ਅੰਮ੍ਰਿਤਸਰ ਦਾ ਮੇਅਰ ਰਿੰਟੂ ਆਮ ਆਦਮੀ ਪਾਰਟੀ 'ਚ ਸ਼ਾਮਿਲ

ਅੰਮ੍ਰਿਤਸਰ- ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਅੰਮ੍ਰਿਤਸਰ ਨਗਰ ਨਿਗਮ ਦੇ ਮੇਅਰ ਤੇ ਕਾਂਗਰਸੀ ਆਗੂ ਕਰਮਜੀਤ ਸਿੰਘ ਰਿੰਟੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੀ 'ਆਪ' ਵਿੱਚ ਸ਼ਮੂਲੀਅਤ ਨਾਲ ਕਾਂਗਰਸ ਨੂੰ ਖਾਸ ਕਰਕੇ ਉੱਤਰੀ ਵਿਧਾਨ ਸਭਾ ਹਲਕੇ ਵਿੱਚ ਵੱਡੇ ਨੁਕਸਾਨ ਦੀ ਸੰਭਾਵਨਾ ਹੈ। ਉਹ ਚੰਡੀਗੜ੍ਹ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ, ਜਿੱਥੇ 'ਆਪ' ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਜੀ ਆਇਆਂ ਕਿਹਾ। ਇਸ ਸਬੰਧੀ ਗੱਲ ਕਰਦਿਆਂ ਸ੍ਰੀ ਰਿੰਟੂ ਨੇ ਆਖਿਆ ਕਿ ਜਦੋਂ ਕਿਸੇ ਵਿਅਕਤੀ ਅਤੇ ਉਸ ਦੇ ਕੰਮਾਂ ਨੂੰ ਲਗਾਤਾਰ ਅਣਡਿੱਠਾ ਕੀਤਾ ਜਾਵੇ ਤਾਂ ਉਸ ਕੋਲ ਕੋਈ ਰਾਹ ਨਹੀਂ ਬਚਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਕਾਂਗਰਸ ਵਿੱਚ ਉਨ੍ਹਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਸੀ। ਸ੍ਰੀ ਰਿੰਟੂ ਇਸ ਵੇਲੇ ਨਗਰ ਨਿਗਮ ਦੇ ਮੇਅਰ ਹਨ ਅਤੇ ਉੱਤਰੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਹਨ, ਜਿਥੇ ਉਨ੍ਹਾਂ ਦਾ ਚੰਗਾ ਅਸਰ ਰਸੂਖ ਹੈ। ਉਹ ਇਸ ਵਾਰ ਵੀ ਹਲਕੇ ਤੋਂ ਕਾਂਗਰਸੀ ਟਿਕਟ ਦੇ ਚਾਹਵਾਨ ਸਨ, ਜਿੱਥੋਂ ਕਾਂਗਰਸ ਦੇ ਮੌਜੂਦਾ ਵਿਧਾਇਕ ਸੁਨੀਲ ਦੱਤੀ ਚੋਣ ਮੈਦਾਨ ਵਿੱਚ ਹਨ। ਹਲਕੇ ਵਿੱਚ ਮੇਅਰ ਰਿੰਟੂ ਤੇ ਹੋਰ ਕਈ ਕਾਂਗਰਸੀਆਂ ਦੀ ਨਾਰਾਜ਼ਗੀ ਦੇ ਕਾਰਨ ਵਿਧਾਇਕ ਦੱਤੀ ਦੀ ਸਥਿਤੀ ਡਾਵਾਂਡੋਲ ਹੋ ਚੁੱਕੀ ਹੈ। ਸਥਿਤੀ ਨੂੰ ਸੰਭਾਲਣ ਵਾਸਤੇ ਹੀ ਬੀਤੇ ਦਿਨ ਪ੍ਰਿਯੰਕਾ ਗਾਂਧੀ ਵੱਲੋਂ ਹਲਕਾ ਉਤਰੀ ਤੇ ਪੂਰਬੀ ਦੋਵਾਂ ਵਿੱਚ ਰੋਡ ਸ਼ੋਅ ਕੀਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਰਿੰਟੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀ ਸਨ, ਜਦੋਂ ਕੈਪਟਨ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਸ਼ਬਦੀ ਜੰਗ ਚੱਲ ਰਹੀ ਸੀ ਤਾਂ ਉਸ ਵੇਲੇ ਰਿੰਟੂ ਨੇ ਕੈਪਟਨ ਦੇ ਹੱਕ ਵਿੱਚ ਸ਼ਹਿਰ 'ਚ ਕਈ ਥਾਈਂ ਫਲੈਕਸ ਬੋਰਡ ਲਾਏ ਸਨ। ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਤੋਂ ਰਵਾਨਗੀ ਅਤੇ ਨਵਜੋਤ ਸਿੰਘ ਸਿੱਧੂ ਦੇ ਕਾਂਗਰਸ ਪ੍ਰਧਾਨ ਬਣਨ ਮਗਰੋਂ ਉਹ ਘੁਟਣ ਮਹਿਸੂਸ ਕਰ ਰਹੇ ਸਨ। ਇਸ ਦੌਰਾਨ ਇਕ ਬਿਆਨ ਰਾਹੀਂ ਸ੍ਰੀ ਕੇਜਰੀਵਾਲ ਨੇ ਆਖਿਆ ਕਿ ਕਰਮਜੀਤ ਸਿੰਘ ਰਿੰਟੂ ਦੀ ਸ਼ਮੂਲੀਅਤ ਨਾਲ ਪੰਜਾਬ ਅਤੇ ਖਾਸ ਕਰਕੇ ਅੰਮ੍ਰਿਤਸਰ ਵਿੱਚ ਪਾਰਟੀ ਨੂੰ ਮਜ਼ਬੂਤੀ ਮਿਲੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਇਸ ਸ਼ਮੂਲੀਅਤ ਨਾਲ 'ਆਪ' ਨੂੰ ਅੰਮ੍ਰਿਤਸਰ ਦੀਆਂ ਸ਼ਹਿਰੀ ਹਲਕੇ ਦੀਆਂ ਪੰਜ ਸੀਟਾਂ 'ਤੇ ਬਹੁਮਤ ਨਾਲ ਜਿੱਤ ਪ੍ਰਾਪਤ ਹੋਵੇਗੀ।

# ਨਵਜੋਤ ਸਿੱਧੂ ਨੇ ਆਪਣੇ ਹਲਕੇ ਦੇ ਲੋਕਾਂ ਤੋਂ ਮੰਗੀ ਮੁਆਫੀ

ਅੰਮ੍ਰਿਤਸਰ)-ਜਗਤਾਰ ਸਿੰਘ ਲਾਂਬਾ)-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇਥੇ ਮੰਨਿਆ ਕਿ ਹਲਕੇ ਦੇ ਲੋਕਾਂ ਅਤੇ ਸਮਰਥਕਾਂ ਨਾਲ ਸੰਪਰਕ ਬਣਾਉਣ ਵਿਚ ਉਨ੍ਹਾਂ ਕੋਲੋਂ ਤਾਲਮੇਲ ਦੀ ਘਾਟ ਰਹੀ ਹੈ ਪਰ ਉਹ ਭਵਿੱਖ ਵਿਚ ਇਹ ਘਾਟ ਦੂਰ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਜਨਤਕ ਤੌਰ 'ਤੇ ਇਸ ਗਲਤੀ ਲਈ ਮੁਆਫੀ ਵੀ ਮੰਗੀ ਹੈ। ਜ਼ਿਕਰਯੋਗ ਹੈ ਕਿ ਪੂਰਬੀ ਹਲਕੇ ਦੇ ਲੋਕਾਂ ਦੀ ਵੱਡੀ ਸ਼ਿਕਾਇਤ ਹੈ ਕਿ ਸਿੱਧੂ ਲੋਕਾਂ ਨਾਲ ਸੰਪਰਕ ਨਹੀਂ ਰੱਖਦੇ। ਸਿੱਧੂ ਨੇ ਕਿਹਾ ਕਿ ਲੋਕਾਂ ਦੀ ਇਹ ਸ਼ਿਕਾਇਤ ਦੂਰ ਕਰਨ ਲਈ ਉਹ ਇਕ ਵਿਸ਼ੇਸ਼ ਟੈਲੀਫੋਨ ਲਾਈਨ ਰਾਖਵੀਂ ਰੱਖਣਗੇ, ਜਿਥੇ ਹਲਕੇ ਦੇ ਲੋਕ ਉਨ੍ਹਾਂ ਨਾਲ ਸੰਪਰਕ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਗਲਤੀ ਸੀ ਕਿ ਉਹ ਲੋਕਾਂ ਦੇ ਸੰਪਰਕ ਵਿਚ ਨਹੀਂ ਰਹੇ। ਹੁਣ ਉਹ ਇਸ ਗਲਤੀ ਨੂੰ ਪਹਿਲ ਦੇ ਆਧਾਰ 'ਤੇ ਦੂਰ ਕਰਨਗੇ। ਹਲਕੇ ਦੇ ਬਕਾਇਆ ਰਹਿੰਦੇ ਵਿਕਾਸ ਦੇ ਕੰਮ ਪਹਿਲ ਦੇ ਆਧਾਰ 'ਤੇ ਪੂਰੇ ਕੀਤੇ ਜਾਣਗੇ। ਉਨ੍ਹਾਂ ਸਪੱਸ਼ਟੀਕਰਨ ਦਿੱਤਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਚੱਲ ਰਹੀ ਜੰਗ ਕਾਰਨ ਉਹ ਵਧੇਰੇ ਵਿਅਸਤ ਰਹੇ ਅਤੇ ਲੋਕਾਂ ਨਾਲ ਸੰਪਰਕ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਅੰਮ੍ਰਿਤਸਰ ਪੂਰਬੀ ਹਲਕੇ ਲਈ ਆਪਣੇ ਪੰਜ ਸਾਲਾਂ ਦੀ ਯੋਜਨਾ ਦਾ ਖੁਲਾਸਾ ਕਰਨਗੇ। ਜੋੜਾ ਫਾਟਕ 'ਤੇ ਬਣਨ ਵਾਲੇ ਪੁਲ ਨੂੰ ਪੂਰਾ ਕੀਤਾ ਜਾਵੇਗਾ। ਲੋਕਾਂ ਨੂੰ ਘਰ ਬੈਠਿਆਂ ਵੱਡੀਆਂ ਸਹੂਲਤਾਂ ਮਿਲਣਗੀਆਂ। ਇਸ ਦੌਰਾਨ ਪੂਰਬੀ ਹਲਕੇ ਦੇ ਵਾਰਡ ਨੰਬਰ-47 ਤੋਂ ਕਾਂਗਰਸੀ ਕੌਂਸਲਰ ਜਤਿੰਦਰ ਕੌਰ ਸੋਨੀਆ, ਜੋ ਸਾਬਕਾ ਜ਼ਿਲਾ ਪ੍ਰਧਾਨ ਵੀ ਹਨ, ਕਾਂਗਰਸ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਪਾਰਟੀ 'ਚ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ।




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

Your Lawyers, Because We Care

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM







# ਤਰਕਸ਼ੀਲ ਸੁਸਾਇਟੀ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਦੇ ਸ਼ੋਸ਼ਣ ਵਿਰੁੱਧ ਰੋਸ ਪ੍ਰਦਰਸ਼ਨ

ਸਰੀ (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਹਾਲੈਂਡ ਪਾਰਕ ਸਰੀ ਵਿਖੇ ਵਿਦੇਸ਼ੀ ਵਿਦਿਆਰਥੀਆਂ ਦੇ ਹੋ ਰਹੇ ਸ਼ੋਸ਼ਣ ਅਤੇ ਵਿਸ਼ੇਸ਼ ਕਰਕੇ ਮੌਂਟਰੀਅਲ ਦੇ ਤਿੰਨ ਕਾਲਜਾਂ ਵੱਲੋਂ ਆਪਣੇ ਆਪਣੇ ਦੀਵਾਲੀਆ ਐਲਾਨ ਕੇ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾਉਣ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਮੁਜ਼ਾਹਰਾਕਾਰੀਆਂ ਵੱਲੋਂ ਆਪਣੇ ਹੱਥਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿਚ ਬੈਨਰ ਫੜ੍ਹੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਕੈਨੇਡਾ ਬੀ ਸੀ। ਦੇ ਪ੍ਰਧਾਨ ਅਵਤਾਰ ਬਾਈ, ਪਰਮਿੰਦਰ ਕੌਰ ਸਵੈਚ, ਨਵਜੋਤ ਢਿੱਲੋਂ, ਬਲਜਿੰਦਰ ਕੌਰ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਮੌਂਟਰੀਅਲ ਸਥਿਤ ਤਿੰਨ ਕਾਲਜਾਂ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਪਾਸੋਂ ਲੱਖਾਂ ਡਾਲਰ ਇਕੱਠੇ ਕਰਕੇ ਆਪਣੇ ਆਪ ਨੂੰ ਦਿਵਾਲੀਆ ਐਲਾਨ ਕਰ ਦਿੱਤਾ ਹੈ ਅਤੇ ਕਾਲਜ ਬੰਦ ਕਰਕੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦਿੱਤਾ ਹੈ। ਇਹ ਵਿਦਿਆਰਥੀਆਂ ਨਾਲ ਬਹੁਤ ਵੱਡਾ ਅਨਿਆਂ ਹੈ ਅਤੇ ਇਸ ਕਾਰਨ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਬਹੁਤ ਹੀ ਮੁਸੀਬਤ ਦਾ ਸਾਹਮਣਾ ਕਰ ਰਹੇ ਹਨ। ਬੁਲਾਰਿਆਂ ਨੇ ਫੈਡਰਲ ਸਰਕਾਰ ਅਤੇ ਕਿਊਬਿਕ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਇਨਸਾਫ ਦੁਆਇਆ ਜਾਵੇ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਕਈ ਵਾਰ ਕਾਨੂੰਨੀ ਤੌਰ ਤੇ ਹਫਤੇ ਵਿੱਚ ਮਨਜ਼ੂਰ 20 ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੀ ਲੁੱਟ ਦਾ ਕਾਰਨ ਬਣਦਾ ਹੈ। ਕਾਨੂੰਨੀ ਤੌਰ ਤੇ ਕੰਮ ਕਰਨ ਦੇ ਘੰਟਿਆਂ ਤੋਂ ਵੱਧ ਕੰਮ ਕਰਨਾ ਉਨ੍ਹਾਂ ਦੀ ਮਜ਼ਬੂਰੀ ਹੁੰਦੀ ਹੈ ਪਰ ਬਹੁਤ ਸਾਰੇ ਕੇਸਾਂ ਵਿੱਚ ਮਾਲਕਾਂ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਬਣਦੇ ਪੈਸੇ ਦਿੱਤੇ ਹੀ ਨਹੀਂ ਜਾਂਦੇ ਤੇ ਵਿਦਿਆਰਥੀਆਂ ਨੂੰ ਡਰਾਇਆ ਧਮਕਾਇਆ ਵੀ ਜਾਂਦਾ ਹੈ। ਇਸ ਸਬੰਧੀ ਕੈਨੇਡਾ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਵਿਦੇਸ਼ੀ ਵਿਦਿਆਰਥੀਆਂ ਪਾਸੋਂ ਕੈਨੇਡੀਅਨ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ ਗੁਣਾਂ ਵੱਧ ਫੀਸਾਂ ਵਸੂਲੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਕੈਨੇਡੀਅਨ ਵਿਦਿਆਰਥੀਆਂ ਵਾਂਗ ਹੀ ਕਾਨੂੰਨੀ ਤੌਰ ਤੇ ਪੂਰਾ ਸਮਾਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਕੋਈ ਵੀ ਉਨ੍ਹਾਂ ਦੀ ਲੁੱਟ ਨਾ ਕਰ ਸਕੇ।

# ਨਸ਼ੀਲੀ ਖੇਪ ਮਾਮਲੇ 'ਚ ਨਵਜੋਤ ਸਿੰਘ ਨੂੰ 10 ਸਾਲ ਦੀ ਕੈਦ

### 40 ਲੱਖ ਡਾਲਰ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਸਨ




ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੇ ਜਾਣ ਦੇ ਵੱਡੇ ਮਾਮਲੇ ਵਿੱਚ ਕੈਲਗਰੀ ਨਿਵਾਸੀ ਨਵਜੋਤ ਸਿੰਘ ਨੂੰ ਅਦਾਲਤ ਨੇ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ ਇਕ ਮਿਨਿਵੈਨ ਵਿੱਚ 4 ਡਫਲ ਬੈਗਾਂ ਵਿੱਚ 30 ਕਿਲੋਗ੍ਰਾਮ ਮੀਥਮਫੀਟਾਮਾਇਨ ਅਤੇ 66 ਕਿਲੋਗ੍ਰਾਮ ਕੋਕੇਨ ਨਾਲ ਕਾਬੂ ਕੀਤਾ ਗਿਆ ਸੀ। ਇਸ ਦੀ ਬਾਜ਼ਾਰ ਕੀਮਤ ਲਗਪਗ 40 ਲੱਖ ਡੌਲਰਜ਼ ਬਣਦੀ ਦੱਸੀ ਗਈ ਹੈ। ਉਸ ਨੇ ਇਹ ਬੈਗ ਬਰੁਕਸ ਤੋਂ ਇਕ ਸੈਮਾਇ ਟ੍ਰੇਲਰ ਤੋਂ ਉਤਾਰੇ ਸਨ। ਉਸ ਸਮੇਂ ਕੈਲਗਰੀ ਪੁਲਿਸ ਨੇ ਇਸ ਨਸ਼ੀਲੇ ਪਦਾਰਥ ਦੀ ਕੀਮਤ 80 ਲੱਖ ਡੌਲਰਜ਼ ਦੱਸੀ ਸੀ ਪਰ ਕੋਰਟ ਔਫ਼ ਕੁਈਨ ਜ਼ ਬੈਂਚ ਦੇ ਜੱਜ, ਜਸਟਿਸ ਰਿਚਰਡ ਨਿਊਫੈਲਡ ਦੇ ਫੈਸਲੇ ਮੁਤਾਬਕ ਇਸ ਦੀ ਕੀਮਤ 40 ਲਖ ਡੌਲਰਜ਼ ਦੇ ਕਰੀਬ ਸੀ। ਸਰਕਾਰੀ ਵਕੀਲ ਨੇ ਨਵਜੋਤ ਸਿੰਘ ਨੂੰ 13 ਸਾਲ ਦੀ ਕੈਦ ਦੀ ਸਜ਼ਾ ਮੰਗੀ ਸੀ ਪਰ ਅਦਾਲਤ ਨੇ ਉਸ ਨੂੰ 10 ਸਾਲ ਦੀ ਕੈਦ ਸੁਣਾਈ ਹੈ। ਨਵਜੋਤ ਨਾਲ ਗੁਰਜੀਤ ਘੋਤਰਾ ਨੂੰ ਵੀ ਕਾਬੂ ਕੀਤਾ ਗਿਆ ਸੀ ਪਰ ਉਸ ਨੂੰ ਇਸ ਮਾਮਲੇ ਵਿਚੋਂ ਬਰੀ ਕਰ ਦਿੱਤਾ ਗਿਆ ਹੈ।

ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556 www.rohitapannulaw.com
2 Locations to Serve You
# 102-9278, 120th Street, Surrey, BC V3V 4W8
6303 Fraser Street, Vancouver BC

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਲੇਖਕ ਮੰਚ ਵੈਨਕੂਵਰ ਦੀ ਮੀਟਿੰਗ ਵਿਚ ਸੇਖਾ ਤੇ ਸੰਧੂ ਦੀਆਂ ਰਚਨਾਵਾਂ ਤੇ ਹੋਈ ਵਿਚਾਰ ਚਰਚਾ




ਸਰੀ (ਹਰਦਮ ਮਾਨ)- ਲੇਖਕ ਮੰਚ ਵੈਨਕੂਵਰ ਦੀ ਮਾਸਿਕ ਮੀਟਿੰਗ ਜ਼ੂਮ ਉਪਰ ਹੋਈ। ਮੀਟਿੰਗ ਦੇ ਆਰੰਭ ਵਿਚ ਕੈਨੇਡਾ ਵਿਚ ਚੱਲ ਰਹੀ ਟਰੱਕਿੰਗ ਕੌਨਵਾਈ ਉੱਪਰ ਕੁਝ ਚਰਚਾ ਕੀਤੀ ਗਈ। ਇਸ ਚਰਚਾ ਵਿੱਚ ਮੁੱਖ ਤੌਰ ਤੇ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਜਗਜੀਤ ਸੰਧੂ, ਸੁਖਵੰਤ ਹੁੰਦਲ, ਜਰਨੈਲ ਸਿੰਘ ਸੇਖਾ ਅਤੇ ਜਰਨੈਲ ਸਿੰਘ ਆਰਟਿਸਟ ਨੇ ਆਪਣੇ ਵਿਚਾਰ ਰੱਖੇ। ਰਚਨਾਤਮਕ ਦੌਰ ਵਿਚ ਪ੍ਰਸਿੱਧ ਨਾਵਲਕਾਰ ਤੇ ਕਹਾਣੀਕਾਰ ਜਰਨੈਲ ਸਿੰਘ ਸੇਖਾ ਨੇ ਆਪਣੀ ਕਹਾਣੀ "ਜੰਗਲੀ ਜਾਨਵਰ" ਪੜ੍ਹੀ ਜਿਸ ਉਪਰ ਵੱਖ ਵੱਖ ਲੇਖਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਕੁਝ ਸੁਝਾਅ ਦਿੱਤੇ। ਸ਼ਾਇਰ ਜਗਜੀਤ ਸੰਧੂ ਨੇ ਵੀ ਆਪਣੀਆਂ ਕੁਝ ਕਵਿਤਾਵਾਂ ਪੇਸ਼ ਕੀਤੀਆਂ ਤੇ ਉਨ੍ਹਾਂ ਦੀ ਹਰ ਕਵਿਤਾ ਉਪਰ ਵਿਚਾਰ ਚਰਚਾ ਵੀ ਹਾਜ਼ਰ ਲੇਖਕਾਂ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਗੁਰਮੀਤ ਸਿੱਧੂ, ਹਰਦਮ ਮਾਨ, ਰੁਪਿੰਦਰ ਖਹਿਰਾ ਰੂਪੀ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੀਟਿੰਗ ਦਾ ਸੰਚਾਲਨ ਜਰਨੈਲ ਸਿੰਘ ਚਿੱਤਰਕਾਰ ਨੇ ਬਾਖ਼ੂਬੀ ਕੀਤਾ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਾ। ਸਾਧੂ ਬਿਨਿੰਗ, ਇਕਬਾਲ ਬਰਾੜ ਅਤੇ ਸੁੱਖੀ ਢਿੱਲੋਂ ਵੀ ਸ਼ਾਮਲ ਹੋਏ।




## ਸਰੀ ਕੁਨੈਕਟ ਨੇ ਸੇਫ ਸਰੀ ਕੁਲੀਸ਼ਨ 'ਤੇ ਸਵਾਰਥ ਲਈ ਕਲੋਵਰਡੇਲ ਅਰੇਨਾ ਲਈ ਦੇਰੀ ਦਾ ਦੋਸ਼ ਲਗਾਇਆ

ਸਰੀ-ਸਰੀ ਕੁਨੈਕਟ ਸਲੇਟ ਸਿਟੀ ਕੌਂਸਲ ਵਿਚ ਬਹੁਮਤ ਵਾਲੀ ਸੇਫ ਸਰੀ ਕੁਲੀਸ਼ਨ 'ਤੇ ਕਲੋਵਰਡੇਲ ਸਪੋਰਟ ਅਤੇ ਆਈਸ ਕੰਪਲੈਕਸ ਵਿਚ 'ਸਵਾਰਥ' ਲਈ ਦੇਰੀ ਕਰਨ ਦਾ ਦੋਸ਼ ਲਗਾ ਰਹੀ ਹੈ ਜਿਸ ਲਈ ਸਰੀ ਦੇ ਕਰਦਾਤਾਵਾਂ ਨੂੰ 24 ਮਿਲੀਅਨ ਡਾਲਰ ਦੀ ਕੀਮਤ ਚੁਕਾਉਣੀ ਪਵੇਗੀ। ਇਸ ਨੇ ਪ੍ਰੈਸ ਰਿਲੀਜ਼ ਵਿਚ ਕਿਹਾ ਕਿ 16 ਫਰਵਰੀ ਦਾ ਨੋਟ ਕਹਿੰਦਾ ਹੈ ਕਿ ਸ਼ਹਿਰ ਦੇ 2018-2022 ਵਿੱਤੀ ਯੋਜਨਾ ਵਿਚ ਪ੍ਰਾਜੈਕਟ 'ਤੇ 35 ਮਿਲੀਅਨ ਡਾਲਰ ਲਾਗਤ ਆਉਣੀ ਸੀ ਅਤੇ 4 ਮਿਲੀਅਨ ਡਾਲਰ 2018 ਵਿਚ ਜ਼ਮੀਨ ਨੂੰ ਤਿਆਰ ਕਰਨ 'ਤੇ ਖਰਚੇ ਗਏ ਸਨ ਪਰ 2019 ਵਿਚ ਟੀਮ ਮੈਕਲਮ ਨੇ ਇਸ ਨੂੰ 2019 ਦੇ ਆਪਣੇ ਬਜਟ ਵਿਚੋਂ ਹਟਾ ਦਿੱਤਾ ਅਤੇ ਹੁਣ ਇਸ ਨੂੰ 55 ਮਿਲੀਅਨ ਡਾਲਰ ਦੀ ਲਾਗਤ ਨਾਲ 2022-2025 ਵਿੱਤੀ ਯੋਜਨਾ ਵਿਚ ਮੁੜ ਸ਼ਾਮਿਲ ਕੀਤਾ ਜਾਵੇਗਾ ਜਿਸ ਨਾਲ ਪਹਿਲਾਂ ਕੀਤੀ ਤਿਆਰੀ 'ਤੇ ਖਰਚੇ 4 ਮਿਲੀਅਨ ਡਾਲਰ ਬਰਬਾਦ ਹੋ ਗਏ। ਸਰੀ ਕੁਨੈਕਟ ਨੇ ਇਹ ਵੀ ਦੋਸ਼ ਲਗਾਇਆ ਕਿ ਸਰੀ ਕੋਲ ਸਾਰੇ ਬੀਸੀ ਵਿਚੋਂ ਸਭ ਤੋਂ ਮਾੜੀ ਆਈਸ ਦੀ ਉਪਲਬਧਤਾ ਹੈ। ਇਸੇ ਦੌਰਾਨ ਸਰੀ ਸਿਟੀ ਕੌਂਸਲਰਾਂ ਨੇ ਸਿਟੀ ਸਟਾਫ ਨੂੰ ਕੌਂਸਲ ਦੀ ਰਾਤ ਦੀ ਮੀਟਿੰਗ ਵਿਚ ਪੁੱਛਿਆ ਕਿ ਦੋ ਵੱਡੇ ਕਮਿਊਨਿਟੀ ਪ੍ਰਾਜੈਕਟਾਂ, ਕਲੋਵਰਡੇਲ ਸਪੋਰਟ ਅਤੇ ਆਈਸ ਕੰਪਲੈਕਸ ਅਤੇ ਨਿਊਟਨ ਕਮਿਊਨਿਟੀ ਸੈਂਟਰ ਦੀ ਲਾਗਤ ਕਿਉਂ ਵਧੀ ਹੈ।

## ਫਾਇਦੇ ਦਾ ਸੌਦਾ ਕਰਦੀ ਹਾਂ-ਸ਼ਰਵਰੀ ਵਾਘ

ਸ਼ਰਵਰੀ ਵਾਘ ਦੀ ਪਹਿਲੀ ਫਿਲਮ 'ਬੰਟੀ ਔਰ ਬਬਲੀ 2 ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ ਸੀ। ਸੈਫ ਅਲੀ ਖਾਨ, ਰਾਣੀ ਮੁਖਰਜੀ ਤੇ ਸਿਧਾਂਤ ਚਤੁਰਵੇਦੀ ਨਾਲ ਨਜ਼ਰ ਆਈ ਸ਼ਰਵਰੀ ਇਸ ਫਿਲਮ ਵਿੱਚ ਆਪਣਾ ਪ੍ਰਭਾਵ ਛੱਡਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਹੀ। 25 ਸਾਲਾ ਸ਼ਰਵਰੀ ਇਸ ਫਿਲਮ ਤੋਂ ਬਾਅਦ ਆਪਣੀ ਜ਼ਿੰਦਗੀ ਉਤੇ ਹੋਏ ਅਸਰ ਬਾਰੇ ਕਹਿੰਦੀ ਹੈ, "ਉਦੋਂ ਤੋਂ ਜ਼ਿੰਦਗੀ ਚੰਗੀ ਰਹੀ ਹੈ ਅਤੇ ਵੱਖਰੀ ਵੀ। ਮੈਨੂੰ ਲੋਕ ਪਛਾਣਨ ਲੱਗੇ ਹਨ, ਜੋ ਮੇਰੇ ਲਈ ਅਨੋਖੀ ਗੱਲ ਹੈ, ਕਿਉਂਕਿ ਮੈਨੂੰ ਇਸ ਦੀ ਆਦਤ ਨਹੀਂ। ਇਹ ਅਸਲ ਵਿੱਚ ਬਹੁਤ ਸਵੀਟ ਹੈ ਕਿ ਮੈਂ ਜੋ ਕੀਤਾ, ਲੋਕ ਉਸ ਨੂੰ ਪਸੰਦ ਕਰ ਰਹੇ ਹਨ। ਮੈਂ ਇਨ੍ਹਾਂ ਦਿਨਾਂ ਦੀ ਉਡੀਕ ਕੀਤੀ ਹੈ, ਸੋ ਅਸਲ ਵਿੱਚ ਖੁਸ਼ ਹਾਂ।" ਸਿਨੇਮਾਘਰਾਂ ਵਿੱਚ ਫਿਲਮ ਰਿਲੀਜ਼ ਹੋਣਾ ਉਸ ਨੂੰ ਹੋਰ ਵੀ ਖੁਸ਼ੀ ਦੇ ਗਿਆ। ਉਸ ਅਨੁਸਾਰ, "ਅਸੀਂ ਫਿਲਮ ਨੂੰ ਵੱਡੇ ਪਰਦੇ ਦੇ ਹਿਸਾਬ ਨਾਲ ਬਣਾਇਆ ਸੀ ਤੇ ਉਥੇ ਹੀ ਰਿਲੀਜ਼ ਹੋਣ ਦੀ ਹੱਕਦਾਰ ਸੀ। ਮੇਰੇ ਦੋਸਤ ਤੇ ਪਰਵਾਰ ਵਾਲੇ ਸਿਨੇਮਾਘਰਾਂ ਵਿੱਚ ਜਾ ਕੇ ਇਸ ਨੂੰ ਦੇਖਣ ਲਈ ਉਤਸ਼ਾਹਤ ਸਨ। ਮੈਂ ਖੁਸ਼ ਸੀ ਕਿ ਜਿਹੜੇ ਲੋਕਾਂ ਨੇ ਇੰਨੇ ਸਾਲਾਂ ਤੱਕ ਮੇਰਾ ਸਾਥ ਦਿੱਤਾ, ਉਹ ਸਿਨੇਮਾ ਵਿੱਚ ਇਸ ਦਾ ਆਨੰਦ ਲੈ ਸਕਦੇ ਹਨ, ਅਸੀਂ ਹਮੇਸ਼ਾ ਇਸ ਬਾਰੇ ਸੋਚਿਆ ਸੀ।" ਮਹਾਮਾਰੀ ਨੇ ਸੁਭਾਵਿਕ ਤੌਰ ਉਤੇ ਫਿਲਮ ਦੀ ਬਾਕਸ ਆਫਿਸ ਕਮਾਈ ਉਤੇ ਅਸਰ ਪਾਇਆ। ਸ਼ਰਵਰੀ ਦੀ ਝੋਲੀ ਵਿੱਚ ਅਗਲੀ ਫਿਲਮ ਪਹਿਲਾਂ ਤੋਂ ਹੈ, ਜਿਸ ਦੀ ਉਸ ਨੇ ਸ਼ੂਟਿੰਗ ਵੀ ਕੀਤੀ ਹੈ, ਪਰ ਅਜੇ ਇਸ ਬਾਰੇ ਗੱਲ ਕਰਨ ਦੀ ਉਸ ਨੂੰ ਇਜਾਜ਼ਤ ਨਹੀਂ। ਉਹ ਕਹਿੰਦੀ ਹੈ, "ਆਸ ਹੈ ਕਿ ਜਲਦੀ ਇਸ ਦਾ ਐਲਾਨ ਕੀਤਾ ਜਾਵੇਗਾ।"

## ਓਟਵਾ 'ਚ ਟਰੱਕ ਚਾਲਕਾਂ ਨੂੰ ਖਦੇੜਨ ਦੀ ਕਾਰਵਾਈ ਸ਼ੁਰੂ

ਓਟਵਾ-ਇਥੇ ਕੋਵਿਡ ਪਾਬੰਦੀਆਂ ਦਾ ਵਿਰੋਧ ਕਰ ਰਹੇ ਟਰੱਕ ਚਾਲਕਾਂ ਨੂੰ ਪੁਲੀਸ ਨੇ ਖਦੇੜਨਾ ਸ਼ੁਰੂ ਕਰ ਦਿੱਤਾ ਹੈ। ਇਹ ਟਰੱਕ ਚਾਲਕ ਪਿਛਲੇ ਤਿੰਨ ਹਫਤਿਆਂ ਤੋਂ ਚੱਕਾ ਜਾਮ ਕਰ ਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਪੁਲੀਸ ਨੇ ਕਈ ਟਰੱਕ ਡਰਾਈਵਰਾਂ ਨੂੰ ਸ਼ੁੱਕਰਵਾਰ ਨੂੰ ਹੱਥਕੜੀਆਂ ਲਗਾ ਕੇ ਗ੍ਰਿਫ਼ਤਾਰ ਵੀ ਕਰ ਲਿਆ। ਪੁਲੀਸ ਨੇ ਇਕ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕੀਤਾ ਜਿਸ ਨੇ ਹੱਥ ਵਿੱਚ ਤਖਤੀ ਫੜੀ ਹੋਈ ਸੀ ਜਿਸ ਤੇ 'ਮੈਨਡੇਟ ਫਰੀਡਮ' ਲਿਖਿਆ ਹੋਇਆ ਸੀ। ਪੁਲੀਸ ਦੀ ਇਸ ਕਾਰਵਾਈ ਦੌਰਾਨ ਕਈ ਟਰੱਕ ਡਰਾਈਵਰਾਂ ਨੇ ਆਤਮ-ਸਮਰਪਨ ਕਰ ਦਿੱਤਾ ਤੇ ਕਈ ਡਰਾਈਵਰ ਰੋਸ ਪ੍ਰਦਰਸ਼ਨ ਕਰਨ ਦੀ ਜ਼ਿੱਦ ਤੇ ਅੜੇ ਰਹੇ। ਇਸੇ ਦੌਰਾਨ ਮੌਨਟਰੀਅਲ ਦੇ ਇਕ ਡਰਾਈਵਰ ਨੇ ਕਿਹਾ 'ਆਜ਼ਾਦੀ ਕਦੇ ਮੁਫਤ ਨਹੀਂ ਮਿਲਦੀ। ਤਾਂ ਕੀ ਹੋਇਆ ਜੇਕਰ ਪੁਲੀਸ ਹੱਥਕੜੀਆਂ ਲਗਾ ਕੇ ਸਾਨੂੰ ਜੇਲ੍ਹ ਭੇਜ ਦੇਵੇਗੀ।

# ਕਿਸਾਨਾਂ ਲਈ ਹੜ੍ਹ ਰਿਕਵਰੀ ਸਹਾਇਤਾ

## ਬੀਸੀ ਅਤੇ ਸੰਘੀ ਸਰਕਾਰਾਂ ਨਵੰਬਰ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਦੀ ਮਦਦ ਕਰ ਰਹੀਆਂ ਹਨ।

ਕਿਸਾਨਾਂ ਦੀ ਫੀਡਬੈਕ ਦੇ ਆਧਾਰ 'ਤੇ, ਨਵਾਂ ਕੈਨੇਡਾ ਬੀਸੀ ਫਲੱਡ ਰਿਕਵਰੀ ਪ੍ਰੋਗਰਾਮ ਫੌਰ ਫੂਡ ਸਕਿਓਰਿਟੀ, ਗੈਰ-ਬੀਮਾਯੋਗ ਅਸਾਧਾਰਨ ਨੁਕਸਾਨਾਂ ਵਾਲੇ ਕਿਸਾਨਾਂ ਦੀ ਮਦਦ ਕਰਨ ਲਈ $228 ਮਿਲੀਅਨ ਫੰਡ ਮੁਹੱਈਆ ਕਰਦਾ ਹੈ। ਉਤਪਾਦਕਾਂ ਨੂੰ ਉਨ੍ਹਾਂ ਦੁਆਰਾ ਫਾਰਮ 'ਤੇ ਅਨੁਭਵ ਕੀਤੇ ਗਏ ਨੁਕਸਾਨ ਦੇ ਆਧਾਰ 'ਤੇ ਅਸਾਧਾਰਨ ਖਰਚਿਆਂ ਲਈ ਵਿਅਕਤੀਗਤ ਵਿੱਤੀ ਸਹਾਇਤਾ ਪ੍ਰਾਪਤ ਹੋਵੇਗੀ, ਜਿਸ ਵਿੱਚ ਸ਼ਾਮਲ ਹਨ:

- ਜ਼ਮੀਨ, ਇਮਾਰਤਾਂ, ਪਾਣੀ, ਅਤੇ ਰਹਿੰਦ-ਖੂੰਹਦ ਪ੍ਰਣਾਲੀਆਂ ਦੀ ਸਫ਼ਾਈ, ਮੁਰੰਮਤ ਅਤੇ ਬਹਾਲੀ।
- ਫਾਰਮ ਦੇ ਜ਼ਰੂਰੀ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਆਰਜ਼ੀ ਉਤਪਾਦਨ ਸੁਵਿਧਾਵਾਂ ਦੇ ਕਿਰਾਏ।
- ਪਸ਼ੂ ਕਲਿਆਣ ਜਿਸ ਵਿੱਚ ਏਵਜੀ ਫੀਡ, ਆਵਾਜਾਈ, ਵੈਟਰਨਰੀ ਦੇਖਭਾਲ ਅਤੇ ਮਰੇ ਹੋਏ ਜਾਨਵਰਾਂ ਦਾ ਨਿਪਟਾਰਾ ਸ਼ਾਮਲ ਹਨ।
- ਮੁੜ ਵਿਕਰੀ ਲਈ ਨਾ ਉਗਾਏ ਗਏ ਪਾਇਨੀਅਰ ਪੌਦਿਆਂ ਦਾ ਨੁਕਸਾਨ।

**ਆਓ ਬੀਸੀ ਨੂੰ ਫਿਰ ਤੋਂ ਵੱਧਣ ਵਿੱਚ ਮਦਦ ਕਰੀਏ।**

**ਅਰਜ਼ੀ ਪੈਕੇਜ**
**gov.bc.ca/AgriFloodRecovery**
**'ਤੇ ਉਪਲਬਧ ਹਨ।**

**ਤੁਹਾਡੀ ਅਰਜ਼ੀ ਬਾਰੇ ਕੋਈ ਸਵਾਲ ਹੈ?**

ਕਿਸਾਨਾਂ ਲਈ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਵਨ-ਔਨ-ਵਨ ਮਦਦ ਉਪਲਬਧ ਹੈ।

ਸਹਾਇਤਾ ਲਈ agrirecovery@gov.bc.ca ਜਾਂ 1-888-332-3352 'ਤੇ ਸੰਪਰਕ ਕਰੋ।

CANADIAN AGRICULTURAL PARTNERSHIP
BRITISH COLUMBIA
Canada

# ਸੋਢੀ ਵੱਲੋਂ ਪਰਗਟ ਸਿੰਘ 'ਤੇ ਨਸ਼ਿਆਂ ਬਾਰੇ ਲਾਏ ਦੋਸ਼ ਆਪ ਨੂੰ ਹੀ ਭਾਰੀ ਪੈਣ ਲੱਗੇ

## ਬਾਦਲ ਦੇ ਮੁੱਖ ਮੰਤਰੀ ਹੁੰਦਿਆ ਹੋਇਆ ਨਵਾਂ ਸ਼ਹਿਰ ਦੇ ਐਸਐਸਪੀ ਸਨ ਸੋਢੀ

ਜਲੰਧਰ-ਆਮ ਆਦਮੀ ਪਾਰਟੀ ਦੇ ਜਲੰਧਰ ਛਾਉਣੀ ਤੋਂ ਉਮੀਦਵਾਰ ਸੁਰਿੰਦਰ ਸਿੰਘ ਸੋਢੀ ਵੱਲੋਂ ਇੱਕ ਟੀਵੀ ਚੈਨਲ 'ਤੇ ਕੀਤੀ ਬਹਿਸ ਦੌਰਾਨ ਕਾਂਗਰਸ ਦੇ ਉਮੀਦਵਾਰ ਪਰਗਟ ਸਿੰਘ 'ਤੇ ਨਸ਼ਿਆਂ ਦੇ ਕਾਰੋਬਾਰੀਆਂ ਦੀ ਸਰਪ੍ਰਸਤੀ ਕਰਨ ਦਾ ਦੋਸ਼ ਲਗਾਉਣਾ ਆਪ ਨੂੰ ਹੀ ਭਾਰੀ ਪੈਣ ਲੱਗਾ। ਜਲੰਧਰ ਛਾਉਣੀ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਇਲਾਕਿਆਂ ਵਿੱਚੋਂ ਲੋਕਾਂ ਦੇ ਆਈ ਪ੍ਰਤੀਕਰਮ ਨਾਲ ਆਪ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ।ਟੀਵੀ ਬਹਿਸ ਵਿੱਚ ਕਾਂਗਰਸ ਦੇ ਉਮੀਦਵਾਰ ਪਰਗਟ ਸਿੰਘ,ਭਾਜਪਾ ਦੇ ਉਮੀਦਵਾਰ ਸਰਬਜੀਤ ਸਿੰਘ ਮੱਕੜ ਤੇ ਆਪ ਦੇ ਉਮੀਦਵਾਰ ਸੁਰਿੰਦਰ ਸਿੰਘ ਸੋਢੀ ਨੇ ਹਿੱਸਾ ਲਿਆ ਸੀ। ਇਸ ਬਹਿਸ ਦੌਰਾਨ ਸੁਰਿੰਦਰ ਸਿੰਘ ਸੋਢੀ ਨੇ ਕਥਿਤ ਦੋਸ਼ ਲਗਾਉਂਦਿਆ ਕਿਹਾ ਸੀ ਕਿ ਉਹ ਜਿਹੜੇ ਵੀ ਪਿੰਡ ਵਿੱਚ ਜਾਂਦੇ ਹਨ ਤਾਂ ਲੋਕ ਕਹਿੰਦੇ ਹਨ ਨਸ਼ਿਆਂ ਵਾਲਿਆ ਦੀ ਰੋਕਥਾਮ ਇਸ ਕਰਕੇ ਨਹੀਂ ਹੋ ਰਹੀ ਕਿ ਪਰਗਟ ਸਿੰਘ ਪੁਲਿਸ ਵਾਲਿਆ ਨੂੰ ਫੋਨ ਕਰ ਦਿੰਦਾ ਹੈ। ਆਪ ਦੇ ਉਮੀਦਵਾਰ ਸੋਢੀ ਵੱਲੋਂ ਨਸ਼ਿਆਂ ਦੇ ਲਾਏ ਦੋਸ਼ ਲੋਕਾਂ ਨੂੰ ਹਜ਼ਮ ਨਹੀਂ ਹੋ ਰਹੇ। ਇੰਨ੍ਹਾਂ ਲੋਕਾਂ ਦਾ ਕਹਿਣਾ ਸੀ ਕਿ ਪਰਗਟ ਸਿੰਘ ਹਾਕੀ ਦੇ ਬੇਹਤਰੀਨ ਖਿਡਾਰੀ ਰਹੇ ਹਨ ਉਨ੍ਹਾਂ ਨੂੰ ਬਾਖੂਬੀ ਪਤਾ ਹੈ ਕਿ ਨਸ਼ਿਆਂ ਦਾ ਮਨੁੱਖੀ ਸਿਹਤ 'ਤੇ ਕੀ ਅਸਰ ਹੋ ਸਕਦਾ ਹੈ। ਭੋਡਾ ਸਪਰਾਏ, ਜੰਡਿਆਲਾ ਮੰਜ਼ਕੀ, ਜਮਸ਼ੇਰ ਖ਼ਾਸ, ਚਿੱਤੇਵਾਣੀ ਖੁਸਰੋਪੁਰ, ਸੰਸਾਰਪੁਰ ਪ੍ਰਤਾਪੁਰਾ, ਲਾਂਬੜਾ, ਬੂਟੀ ਮੰਡੀ ਸਮੇਤ ਸ਼ਹਿਰ ਦੇ ਹੋਰ ਇਲਾਕਿਆਂ ਵਿੱਚੋਂ ਲੋਕਾਂ ਨੇ ਇੱਕ ਅਵਾਜ਼ ਵਿੱਚ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਜਿਹੜਾ ਆਪ ਦਾ ਉਮੀਦਵਾਰ ਸੁਰਿੰਦਰ ਸਿੰਘ ਸੋਢੀ ਜਦੋਂ ਨਵਾਂ ਸ਼ਹਿਰ ਵਿੱਚ ਐਸਐਸਪੀ ਸਨ ਤਾਂ ਉਸ ਵੇਲੇ ਨਵੇਂ ਸ਼ਹਿਰ ਦੇ ਪਿੰਡ-ਪਿੰਡ ਵਿੱਚ ਡੋਡੇ ਵਿਕਦੇ ਰਹੇ ਸਨ । ਨਸ਼ਿਆਂ ਦੇ ਟੱਰਕਾਂ ਦੇ ਟੱਰਕ ਨਵਾਂ ਸ਼ਹਿਰ ਜਿਲ੍ਹੇ ਵਿੱਚ ਵਿਕੇ ਸਨ। ਪੁਲਿਸ ਦੀ ਜਿਪਸੀ ਅੱਗੇ-ਅੱਗੇ ਜਾਂਦੀ ਸੀ ਤੇ ਪਿੱਛੇ-ਪਿੱਛੇ ਡੋਡਿਆਂ ਦਾ ਟੱਰਕ ਜਾਂਦਾ ਹੁੰਦਾ ਸੀ। ਇਹ ਤਾਂ ਨਵਾਂ ਸ਼ਹਿਰ ਦੇ ਪਿੰਡਾਂ ਦੇ ਲੋਕ ਤੇ ਉਥੇ ਦਾ ਬੱਚਾ-ਬੱਚਾ ਭਲੀਭਾਂਤ ਜਾਣਾ ਦਾ ਹੈ ਕਿ ਕਿਵੇਂ ਡੋਡੇ ਤੇ ਹੋਰ ਨਸ਼ੇ ਵਿਕਦੇ ਰਹੇ ਸਨ। ਇੰਨ੍ਹਾਂ ਹਲਕੇ ਦੇ ਪਿੰਡਾਂ ਦੇ ਲੋਕਾਂ ਵਿੱਚ ਪਿਆਰਾ ਸਿੰਘ ਨੇ ਕਿਹਾ ਕਿ ਸੁਰਿੰਦਰ ਸਿੰਘ ਸੋਢੀ ਇਹ ਦੱਸਣ ਕਿ ਉਹ ਪਹਿਲਾਂ ਵੀ ਆਮ ਆਦਮੀ ਪਾਰਟੀ ਵਿੱਚ ਜਾਣ ਲਈ ਤਰਲੋਮੱਛੀ ਹੋ ਰਹੇ ਸਨ ਜਦੋਂ ਸੁੱਚਾ ਸਿੰਘ ਛੋਟੇਪੁਰ ਪ੍ਰਧਾਨ ਸਨ। ਜਲੰਧਰ ਸ਼ਹਿਰ ਵਿੱਚ ਉਨ੍ਹਾ ਆਪ ਵਿੱਚ ਸ਼ਾਮਿਲ ਹੋਣਾ ਸੀ ਤੇ ਜਦੋਂ ਉਨ੍ਹਾਂ ਦਾ ਪਿਛੋਕੜ ਸਾਹਮਣੇ ਆਇਆ ਕਿ ਉਹ ਨਸ਼ਿਆਂ ਦਾ ਸੌਦਾਗਰ ਰਿਹਾ ਹੈ ਤਾਂ ਆਪ ਨੇ ਪੈਰ ਪਿੱਛੇ ਖਿੱਚ ਲਏ ਸਨ। ਜੰਡਿਆਲਾ ਮੰਜ਼ਕੀ ਤੋਂ ਮਹਿੰਦਰ ਸਿੰਘ ਨੇ ਆਪ ਦੇ ਉਮੀਦਵਾਰ ਨੂੰ ਪੁੱਛਿਆ ਕਿ ਉਹ ਪਰਗਟ ਸਿੰਘ 'ਤੇ ਹੋਰ ਜਿਹੜਾ ਮਰਜ਼ੀ ਇਲਜ਼ਾਮ ਲਾ ਦਿੰਦਾ ਤਾਂ ਸ਼ਾਇਦ ਲੋਕ ਮਾੜਾ ਮੋਟਾ ਯਾਕੀਨ ਕਰ ਲੈਂਦੇ ਪਰ ਨਸ਼ਿਆਂ ਦਾ ਦੋਸ਼ ਲਗਾਉਣ ਤੋਂ ਪਤਾ ਲੱਗਦਾ ਹੈ ਕਿ ਹਲਕੇ ਵਿੱਚ ਆਪ ਦੀ ਹਾਲਤ ਕਿੰਨ੍ਹੀ ਪਤਲੀ ਪੈ ਗਈ ਹੈ।ਜਮਸ਼ੇਰ ਖ਼ਾਸ ਤੋਂ ਨੌਜਵਾਨ ਆਗੂ ਜਸਵਿੰਦਰ ਸਿੰਘ ਤੇ ਬਜ਼ੁਰਗ ਮਾਤਾ ਦਰਸ਼ਨ ਕੌਰ ਨੇ ਕਿਹਾ ਕਿ ਪਰਗਟ ਸਿੰਘ ਬਾਰੇ ਤਾਂ ਲੋਕ ਸੁੰਹ ਖਾਹ ਸਕਦੇ ਹਨ ਕਿ ਉਹ ਨਸ਼ਿਆਂ ਵਾਲਿਆਂ ਨੂੰ ਤਾਂ ਨੇੜੇ ਵੀ ਨਹੀ ਲੱਗਣ ਦਿੰਦਾ। ਮਾਤਾ ਦਰਸ਼ਨ ਕੌਰ ਨੇ ਕਿਹਾ ਕਿ ਉਨ੍ਹਾਂ ਦੀ ਰਿਸ਼ਤੇਦਾਰੀ ਨਵਾਂ ਸ਼ਹਿਰ ਜਿਲ੍ਹੇ ਵਿੱਚ ਹੈ,ਹੁਣ ਤਾਂ ਉਹ ਸਾਰਾ ਪਰਿਵਾਰ ਇੰਗਲੈਂਡ ਰਹਿੰਦਾ ਹੈ ਪਰ ਇੱਥੇ ਰਹਿੰਦਿਆ ਹੋਇਆ ਉਹ ਸੋਢੀ ਦੇ ਕਿੱਸੇ ਸੁਣਾਇਆ ਕਰਦੇ ਸਨ ਕਿ ਉਸ ਨੇ ਕਿਵੇਂ ਸ਼ਹੀਦ ਭਗਤ ਸਿੰਘ ਦੀ ਪਵਿੱਤਰ ਧਰਤੀ 'ਤੇ ਨਸ਼ਿਆਂ ਦਾ ਹੜ੍ਹ ਲੈਆਂਦਾ ਸੀ। ਉਸ ਵੇਲੇ ਵੀ ਅਕਾਲੀ ਦਲ ਦੀ ਸਰਕਾਰ ਸੀ ਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ।ਇਸੇ ਹੀ ਪਿੰਡ ਦੇ ਮਨੋਹਰ ਲਾਲ ਦਾ ਕਹਿਣਾ ਸੀ ਕਿ ਸੋਢੀ ਨੂੰ ਵੋਟ ਪਾਉਣ ਦਾ ਮਤਲਬ ਹੋਵੇਗਾ ਨਸ਼ਿਆਂ ਨੂੰ ਆਪਣੇ ਹਲਕੇ ਵਿੱਚ ਸੱਦਾ ਦੇਣਾ।ਉਨ੍ਹਾਂ ਕਿਹਾ ਕਿ ਸੋਢੀ 'ਤੇ ਡੋਡੇ ਵੇਚਣ ਦੇ ਜਿਹੜੇ ਦੋਸ਼ ਲੱਗ ਰਹੇ ਹਨ ਉਸ ਬਾਰੇ ਉਨ੍ਹਾਂ ਨੇ ਕਈ ਸਪੱਸ਼ਟੀ ਕਰਨ ਦੇਣ ਦੀ ਵੀ ਹਿੰਮਤ ਨਹੀਂ ਦਿਖਾਈ। ਜ਼ਿਕਰਯੋਗ ਹੈ ਕਿ ਟੀਵੀ ਚੈਨਲ ਦੀ ਬਹਿਸ ਦੌਰਾਨ ਵੀ ਪਰਗਟ ਸਿੰਘ ਨੇ ਵੀ ਸੁਰਿੰਦਰ ਸਿੰਘ ਸੋਢੀ ਦੀ ਹਾਜ਼ਰੀ ਵਿੱਚ ਹੀ ਕਹਿ ਦਿੱਤਾ ਸੀ ਨਵਾਂ ਸ਼ਹਿਰ ਸਮੇਤ ਪੰਜਾਬ ਦੇ ਲੋਕ ਜਾਣਦੇ ਹਨ ਕਿ ਸੋਢੀ ਦੇ ਕਿਵੇਂ ਐਸਐਸਪੀ ਹੁੰਦਿਆ ਹੋਇਆ ਉਥੇ ਘਰ-ਘਰ ਨਸ਼ੇ ਪੁਹੰਚਾਏ ਜਾਂਦੇ ਸਨ।



## ਕੇਜਰੀਵਾਲ ਪੰਜਾਬ 'ਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਿਹੈ-ਪਰਗਟ ਸਿੰਘ

ਜਲੰਧਰ-ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਇਸ ਸਮੇਂ ਪੰਜਾਬ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਿਹੈ, ਪੰਜਾਬੀਆਂ ਨੂੰ ਇਸ ਤੋਂ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਇਹ ਵਿਚਾਰ ਜਲੰਧਰ ਕੈਂਟ ਤੋਂ ਕਾਂਗਰਸ ਦੇ ਉਮੀਦਵਾਰ ਪਰਗਟ ਸਿੰਘ ਨੇ ਹਲਕੇ ਵਿੱਚ ਵੱਖ ਵੱਖ ਪਿੰਡਾਂ ਅਤੇ ਕਾਲੋਨੀਆਂ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬੀਆਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਿਹੈ ਪਰ ਉਸ ਨੂੰ ਇਹ ਨਹੀਂ ਪਤਾ ਕਿ ਪੰਜਾਬੀਆਂ ਵਰਗਾ ਸਮਝਦਾਰ ਕੋਈ ਵੀ ਨਹੀਂ। ਆਮ ਆਦਮੀ ਪਾਰਟੀ ਲੋਟੂਆਂ ਦਾ ਟੋਲਾ ਹੈ ਅਤੇ ਇਹ ਪਾਰਟੀ ਪੰਜਾਬ ਵਿਚੋਂ ਪੈਸਾ ਲੁੱਟਣ ਵਾਲੇ ਕੰਮ ਕਰ ਰਹੀ ਹੈ।ਪਰਗਟ ਸਿੰਘ ਨੂੰ ਹਲਕੇ ਵਿੱਚ ਮਿਲਦੇ ਜ਼ੋਰਦਾਰ ਹੁੰਗਾਰੇ ਨਾਲ ਵਿਰੋਧੀਆਂ ਦੇ ਹੌਸਲੇ ਪਸਤ ਹੋ ਚੁੱਕੇ ਹਨ। ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ 10 ਪਰਿਵਾਰ ਕਾਂਗਰਸ ਵਿੱਚ ਸ਼ਾਮਲ ਹੋ ਗਏ। ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿਣ ਵਾਲਿਆਂ ਵਿੱਚ ਸੁਖਪਾਲ ਸਿੰਘ ਗੱਬਰ, ਹ੍ਰਰਿਮ ਗੋਤਮ। ਰਾਕੇਸ਼ ਕਾਨੋਜੀਆ ਅਤੇ ਹੋਰ ਕਈ ਪ੍ਰਮੁੱਖ ਹਨ। ਉਨ੍ਹਾ ਕਿਹਾ ਕਿ ਉਹ ਪਰਗਟ ਸਿੰਘ ਦੀ ਸਖਸ਼ੀਅਤ ਤੋਂ ਕਾਇਲ ਹੋ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਹਨ।










# ਬਰਾਜ਼ੀਲ ਵਿਚ ਤੂਫ਼ਾਨ ਦੇ ਕਾਰਨ 23 ਮੌਤਾਂ



ਰਿਉ ਡੀ ਜੇਨੇਰੀਉ-ਬਰਾਜ਼ੀਲ ਦੇ ਰਿਉ ਡੀ ਜੇਨੇਰੀਉ ਦੇ ਪਰਬਤੀ ਖੇਤਰ ਵਿੱਚ ਭਾਰੀ ਮੀਂਹ ਦੇ ਬਾਅਦ ਜ਼ਮੀਨ ਖਿਸਕਣ ਅਤੇ ਹੜ੍ਹ ਕਾਰਨ ਭਾਰੀ ਤਬਾਹੀ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਤਬਾਹੀ ਦੀ ਲਪੇਟ ਵਿੱਚ ਆਉਣ ਨਾਲ ਲੱਗਭਗ 23 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਕੱਲ੍ਹ ਦੇਰ ਰਾਤ ਪਹਿਲਾਂ ਇਹ ਗਿਣਤੀ 18 ਦੱਸੀ ਸੀ। ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿਉਂਕਿ ਬਚਾਅ ਦਲ ਪੈਟ੍ਰੋਪੋਲਿਸ ਖੇਤਰ ਦੇ ਪ੍ਰਭਾਵਤ ਇਲਾਕੇ ਵਿੱਚ ਪੀੜਤਾਂ ਦੀ ਤਲਾਸ਼ ਕਰ ਰਹੇ ਹਨ। ਇਸ ਖੇਤਰ ਵਿੱਚ 2011 ਵਿੱਚ ਭਾਰੀ ਮੀਂਹ ਕਾਰਨ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ ਇੱਕ ਬਿਆਨ ਵਿੱਚ ਦੱਸਿਆ ਗਿਆ ਕਿ 180 ਫੌਜੀ ਬਚਾਅ ਮੁਹਿੰਮ ਵਿੱਚ ਲੱਗੇ ਹੋਏ ਹਨ। ਇਸ ਇਲਾਕੇ ਵਿੱਚ ਦਿਨ ਵਿੱਚ ਤਿੰਨ ਘੰਟੇ ਦੇ ਅੰਦਰ 25.8 ਸੈਂਟੀਮੀਟਰ ਮੀਂਹ ਪਿਆ, ਜੋ ਇਸ ਤੋਂ ਪਹਿਲਾਂ ਦੇ 30 ਦਿਨ ਵਿੱਚ ਪਏ ਮੀਂਹ ਦੇ ਬਰਾਬਰ ਹੈ। ਰੂਸ ਦੀ ਯਾਤਰਾ ਉੱਤੇ ਗਏ ਬਰਾਜ਼ੀਲ ਦੇ ਰਾਸ਼ਟਰਪਤੀ ਜਾਇਰ ਬੋਲਸਨਾਰੋ ਨੇ ਟਵੀਟ ਕੀਤਾ ਕਿ ਉਨ੍ਹਾਂ ਆਪਣੇ ਮੰਤਰੀਆਂ ਨੂੰ ਮੀਂਹ ਕਾਰਨ ਪ੍ਰਭਾਵਤ ਹੋਏ ਲੋਕਾਂ ਦੀ ਤੁਰਤ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਰਾਜੇਵਾਲ ਨੇ ਪਹਿਲੀ ਵਾਰ ਸੰਯੁਕਤ ਕਿਸਾਨ ਮੋਰਚਾ ਤੋਂ ਸਾਥ ਮੰਗਿਆ

ਚੰਡੀਗੜ੍ਹ-ਸੰਯੁਕਤ ਸਮਾਜ ਮੋਰਚਾ ਦੇ ਪ੍ਰਧਾਨ ਅਤੇ ਪ੍ਰਮੁੱਖ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਵੀਰਵਾਰ ਪਹਿਲੀ ਵਾਰ ਚੋਣਾਂ ਲਈ ਸੰਯੁਕਤ ਕਿਸਾਨ ਮੋਰਚਾ ਤੋਂ ਸਾਥ ਮੰਗਿਆ ਹੈ। ਉਨ੍ਹਾਂ ਨੇ ਸੰਯੁਕਤ ਕਿਸਾਨ ਮੋਰਚਾ ਨੂੰ ਚੋਣਾਂ ਵਿਚ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਚੋਣਾਂ ਵਿੱਚ ਸਾਡਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ 'ਜੇ ਮੈਂ ਰਾਕੇਸ਼ ਟਿਕੈਤ, ਯੋਗਿੰਦਰ ਯਾਦਵ, ਜਗਜੀਤ ਸਿੰਘ ਡੱਲੇਵਾਲ ਤੇ ਜੋਗਿੰਦਰ ਸਿੰਘ ਉਗਰਾਹਾਂ ਬਾਰੇ ਕੁਝ ਗਲਤ ਕਿਹਾ ਹੈ ਤਾਂ ਮੈਂ ਉਸ ਦੀ ਮੁਆਫੀ ਚਾਹੁੰਦਾ ਹਾਂ। ਪੁਰਾਣੀਆਂ ਗੱਲਾਂ ਭੁੱਲਾ ਕੇ ਚੋਣਾਂ ਵਿੱਚ ਸਾਡਾ ਸਾਥ ਦਿ? ਤਾਂ ਜੋ ਪੰਜਾਬ ਦੀਆਂ ਪੁਰਾਣੀਆਂ ਪਾਰਟੀਆਂ ਦਾ ਰਾਜ ਖਤਮ ਕਰੀਏ। ਵਰਨਣ ਯੋਗ ਹੈ ਕਿ ਪੰਜਾਬ ਲਈ 20 ਫਰਵਰੀ ਨੂੰ ਵੋਟਿੰਗ ਤੋਂ ਪਹਿਲਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਮੁਹਿੰਮ ਪੂਰੀ ਤਰ੍ਹਾਂ ਚੜ੍ਹਾ ਰੱਖੀ ਹੈ ਤੇ 22 ਕਿਸਾਨ ਜਥੇਬੰਦੀਆਂ ਦੇ ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਵੀ ਮੈਦਾਨ ਵਿੱਚ ਹਨ। ਦੂਸਰੇ ਪਾਸੇ ਸੰਯੁਕਤ ਕਿਸਾਨ ਮੋਰਚਾ ਦਾ ਐਲਾਨ ਹੈ ਕਿ ਚੋਣਾਂ ਲੜ ਰਹੀਆਂ ਜਥੇਬੰਦੀਆਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਇਸ ਕਰਕੇ ਕਿਸਾਨ ਚੋਣਾਂ ਨੂੰ ਲੈ ਕੇ ਦੋਫਾੜ ਹੋ ਗਏ ਹਨ।

### ਸਿੱਧੂ ਮੂਸੇਵਾਲਾ ਨੂੰ ਝਟਕਾ

# ਚੋਣਾਂ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਨੂੰ ਕੋਰਟ ਦਾ ਜਵਾਬ ਤਲਬੀ ਨੋਟਿਸ ਜਾਰੀ

ਚੰਡੀਗੜ੍ਹ-ਆਪਣੇ ਕੁਝ ਵਿਵਾਦਤ ਗੀਤਾਂ ਨਾਲ ਚਰਚਾ ਵਿੱਚ ਰਹਿਣ ਵਾਲੇ ਪੰਜਾਬੀ ਗਾਇਕ ਤੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮੁਸ਼ਕਲ ਵਧ ਸਕਦੀ ਹੈ। ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਇੱਕ ਸਿਵਲ ਕੇਸ ਵਿੱਚ ਨੋਟਿਸ ਜਾਰੀ ਕਰਕੇ ਸਿੱਧੂ ਮੂਸੇਵਾਲਾ ਤੋਂ 2 ਮਾਰਚ ਤੱਕ ਉਸ ਦੇ ਗੀਤ ਬਾਰੇ ਜਵਾਬ ਮੰਗਿਆ ਹੈ। ਜ਼ਿਲ੍ਹਾ ਅਦਾਲਤ ਦੇ ਵਕੀਲ ਸੁਨੀਲ ਮੱਲ੍ਹਣ ਵੱਲੋਂ ਦਾਇਰ ਕੀਤੀ ਪਟੀਸ਼ਨ ਮੁਤਾਬਕ ਸਿੱਧੂਮੂਸੇਵਾਲਾ ਦੇ ਗੀਤ 'ਸੰਜੂ ਵਿੱਚ ਵਕੀਲਾਂ ਬਾਰੇ ਇਤਰਾਜ਼ਯੋਗ ਸ਼ਬਦ ਵਰਤੇ ਗਏ ਤੇ ਜਾਣਬੁੱਝ ਕੇ ਵਕੀਲ ਭਾਈਚਾਰੇ ਦਾ ਅਕਸ ਖ਼ਰਾਬ ਕਰਨ ਦਾ ਕੰਮ ਕੀਤਾ ਗਿਆ ਹੈ। ਪਟੀਸ਼ਨਰ ਨੇ ਕਿਹਾ ਕਿਮੂਸੇਵਾਲਾ ਨੇ ਜਾਣਬੁੱਝ ਕੇ ਗਲਤ ਨੀਤ ਨਾਲ ਇਹ ਗੀਤ ਜਾਰੀ ਕੀਤਾ ਤੇ ਨਿਆਂ ਪ੍ਰਣਾਲੀ ਦਾ ਅਕਸ ਖਰਾਬ ਕਰਨ ਦਾ ਕੰਮ ਕੀਤਾ ਹੈ।ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਮੂਸੇਵਾਲਾ ਨੂੰ ਆਦੇਸ਼ ਜਾਰੀ ਕੀਤਾ ਜਾਵੇ ਕਿ 'ਸੰਜੂ ਗੀਤ ਤੋਂ ਕਮਾਏ ਹੋਏ ਪੈਸੇ ਵਕੀਲਾਂ ਨੂੰ ਮੁਆਵਜ਼ੇ ਵਜੋਂ ਬਾਰ ਕੌਂਸਲ ਆਫ਼ ਪੰਜਾਬ ਤੇ ਹਰਿਆਣਾ ਦੇ ਐਡਵੋਕੇਟ ਵੈਲਫ਼ੇਅਰ ਫੰਡ ਵਿੱਚ ਜਮ੍ਹਾਂ ਕਰਾਏ ਜਾਣ। ਇਸ ਦੇ ਨਾਲ ਦੋਸ਼ ਹੈ ਕਿ ਉਹ ਗੀਤਾਂ ਰਾਹੀਂ ਬਾਰਡਰ ਸਟੇਟ (ਪੰਜਾਬ) ਦੇ ਨੌਜਵਾਨਾਂ ਨੂੰ ਹਿੰਸਾ ਅਤੇ ਦੰਗਿਆਂ ਲਈ ਭੜਕਾਉਂਦਾ ਹੈ।ਸਿੱਧੂ ਮੂਸੇਵਾਲਾ ਉੱਤੇ ਬੰਦੂਕ ਕਲਚਰ ਨੂੰ ਉਤਸ਼ਾਹਿਤ ਕਰਨ ਦਾ ਵੀ ਦੋਸ਼ ਹੈ ਤੇ 'ਸੰਜੂ ਗੀਤ ਵਿੱਚਉਹ ਗੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਨਜ਼ਰ ਆ ਰਹੇ ਹਨ। ਇਸ ਪਟੀਸ਼ਨ ਵਿੱਚ ਮੂਸੇਵਾਲਾਦੀ ਇਸ ਹਰਕਤ ਨੂੰ ਇੰਡੀਅਨ ਪੀਨਲ ਕੋਡ, ਆਰਮਜ਼ ਐਕਟ ਅਤੇ ਸੂਚਨਾ ਟੈਕਨਾਲੋਜੀ ਐਕਟ ਦੀਆਂ ਧਾਰਾਵਾਂ ਹੇਠ ਅਪਰਾਧ ਦੱਸਿਆ ਗਿਆਤੇ ਇਨ੍ਹਾਂ ਵਿੱਚਦੇਸ਼ ਵਿਰੋਧੀ ਕਾਰਵਾਈਆਂ, ਅਪਰਾਧਿਕ ਸਾਜ਼ਿਸ਼, ਧਾਰਮਿਕ ਭਾਵਨਾਵਾਂ ਭੜਕਾਉਣਾ, ਅਕਸ ਨੂੰ ਠੇਸ ਲਾਉਣਾ, ਡਰਾਉਣਾ ਆਦਿ ਸ਼ਾਮਲ ਹਨ। ਮੂਸੇਵਾਲਾਵਿਰੁੱਧਇਸ ਕੇਸਵਿੱਚ ਉਸ ਦੇ ਨਾਲ'ਸੰਜੂ ਗੀਤ ਦੇ ਮਿਊਜ਼ਿਕ ਡਾਇਰੈਕਟਰ ਗਗਨਦੀਪ ਸਿੰਘ, ਵੀਡੀਓ ਡਾਇਰੈਕਟਰ ਨਵਕਿਰਨ ਬਰਾੜ ਅਤੇ ਹੋਰਨਾਂ ਨੂੰ ਵੀ ਧਿਰ ਬਣਾਇਆ ਗਿਆ ਹੈ। ਪਟੀਸ਼ਨਰ ਦੇ ਦੱਸਣ ਅਨੁਸਾਰ ਮੂਸੇਵਾਲਾ ਨੂੰ ਬਰਨਾਲਾ ਜ਼ਿਲ੍ਹੇ ਵਿੱਚ ਏਕੇ-47 ਰਾਈਫਲ ਚਲਾਉਂਦੇ ਵੇਖਿਆ ਗਿਆ ਸੀ। ਉਸ ਦੀ ਵੀਡੀ? ਵਾਇਰਲ ਹੋਣ ਪਿੱਛੋਂ ਪੰਜਾਬ ਪੁਲਿਸ ਨੇ ਉਸ ਉੱਤੇ ਕੇਸ ਦਰਜ ਕੀਤਾ ਸੀ ਤੇਮੂਸੇਵਾਲਾ ਵਿਰੁੱਧ ਫ਼ਰਵਰੀ 2020 ਵਿੱਚ ਮਾਨਸਾ ਵਿੱਚ ਗੀਤਾਂ ਰਾਹੀਂ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ। ਸੰਗਰੂਰ ਜ਼ਿਲ੍ਹੇ ਵਿੱਚ ਵੀ ਕੇਸ ਦਰਜ ਹੋਇਆ ਸੀ।ਇੱਕ ਅਪਰਾਧਿਕ ਕੇਸ ਵਿੱਚ ਜ਼ਮਾਨਤ ਮਿਲਣ ਉੱਤੇਮੂਸੇਵਾਲਾ ਨੇ ਵਾਅਦਾ ਕੀਤਾ ਸੀ ਕਿ ਉਹ ਅਜਿਹੇ ਭੱਦੇ ਗੀਤ ਨਹੀਂ ਗਾਉਣਗੇ, ਪਰ ਜ਼ਮਾਨਤ ਮਿਲਣ ਮਗਰੋਂ ਉਨ੍ਹਾਂ ਨੇ ਮੁੜ ਅਜਿਹੇ ਗੀਤ ਗਾਏ ਹਨ, ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।





# ਤਾਲਿਬਾਨ ਦੀ ਧਮਕੀ : ਅਮਰੀਕਾ ਸਾਡੀ ਜ਼ਬਤ ਜਾਇਦਾਦ ਵਾਪਸ ਕਰੇ, ਨਹੀਂ ਤਾਂ ਨੀਤੀ ਉੱਤੇ ਮੁੜ ਵਿਚਾਰ ਹੋਵੇਗਾ

ਕਾਬੁਲ-ਤਾਲਿਬਾਨ ਨੇ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਜੇ ਅਫ਼ਗਾਨਿਸਤਾਨ ਦੀ ਸੱਤ ਅਰਬ ਡਾਲਰ ਦੀ ਸੀਜ਼ ਕੀਤੀ ਗਈ ਜਾਇਦਾਦਉਸ ਨੂੰ ਵਾਪਸ ਨਾ ਮਿਲੀ ਤਾਂ ਅਮਰੀਕਾ ਦੇ ਨਾਲ ਆਪਣੀ ਨੀਤੀ ਉੱਤੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਪਹਿਲੇ ਸਮਝੌਤੇ ਮੁੜ ਵਿਚਾਰੇ ਜਾਣਗੇ। ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸਿੱਖਿਆ ਖੇਤਰ ਲਈ ਯੂਰਪੀ ਪ੍ਰਤੀਨਿਧਾਂ ਤੋਂ ਵੀ 1.1 ਕਰੋੜ ਡਾਲਰ ਦੀ ਮੰਗ ਕੀਤੀ ਹੈ।ਦੇਸ਼ ਉੱਤੇ ਕਾਬਜ਼ ਤਾਲਿਬਾਨ ਦੇ ਬੁਲਾਰੇ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਮਰੀਕਾ ਵਿੱਚ ਹੋਏ 11 ਸਤੰਬਰ ਦੇ ਹਮਲੇ ਨਾਲ ਅਫ਼ਗਾਨਿਸਤਾਨ ਦਾ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਜੇ ਅਮਰੀਕਾ ਇਸ ਰੁਖ ਤੋਂ ਨਹੀਂ ਹਟਦਾ ਤਾਂ ਤਾਲਿਬਾਨ ਸਰਕਾਰਉਸ ਬਾਰੇ ਆਪਣੀ ਨੀਤੀ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਵੇਗੀ। ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਬੀਤੇ ਸ਼ੁੱਕਰਵਾਰ ਸੱਤ ਅਰਬ ਡਾਲਰ ਦੇ ਦੋ ਹਿੱਸੇ ਕਰ ਕੇ ਇਸਦਾ ਇੱਕ ਹਿੱਸਾ ਮਨੁੱਖੀ ਮਦਦ ਲਈ ਦੇਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ 11 ਸਤੰਬਰ 2011 ਨੂੰ ਅਮਰੀਕਾ ਉੱਤੇ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਗੱਲਚੱਲਦੀ ਹੈ। 11 ਸਤੰਬਰ ਦੇ ਹਮਲੇ ਸਮੇਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ



ਦਾਰਾਜ ਸੀ ਤੇ ਉਸ ਨੇ ਆਪਣੇ ਦੇਸ਼ ਵਿੱਚ ਅੱਤਵਾਦੀ ਸੰਗਠਨ ਅਲਕਾਇਦਾ ਦੇ ਸਰਗਣਾ ਓਸਾਮਾ ਬਿਨ ਲਾਦੇਨ ਨੂੰ ਪਨਾਹ ਦਿੱਤੀ ਸੀਅਤੇ ਇਸ ਲਈ ਅਮਰੀਕਾ ਨੇ ਅਫ਼ਗਾਨਿਸਤਾਨ ਉੱਤੇ ਹਮਲਾ ਕੀਤਾ ਸੀ, ਜਿਸ ਦੇ ਬਾਅਦ ਅਮਰੀਕੀ ਮਿਲਟਰੀ ਕਈ ਸਾਲਾਂ ਤਕ ਇੱਥੇ ਜੰਗ ਲੜਦੀ ਰਹੀ ਸੀ। ਤਾਲਿਬਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤਾਕੀ ਨੇ ਦੋਹਾ ਵਿੱਚਬੀਤੇ ਮੰਗਲਵਾਰ ਨੂੰ ਯੂਰਪੀ ਯੂਨੀਅਨ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕੀਤੀ ਤੇ ਤਾਲਿਬਾਨ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕੀਤਾ ਕਿ ਯੂਰਪੀ ਯੂਨੀਅਨ ਤੋਂ ਉਸ ਨੂੰ ਆਪਣੇ ਦੇਸ਼ ਵਿੱਚ ਮਨੁੱਖੀ ਸਹਾਇਤਾ ਤੇ ਔਰਤਾਂ ਦੀ ਮਦਦ ਲਈ 1|1 ਕਰੋੜ ਡਾਲਰ ਦੀ ਆਰਥਿਕ ਮਦਦ ਦੀ ਲੋੜ ਹੈ। ਉਸ ਨੇ ਵਾਅਦਾ ਕੀਤਾ ਕਿ ਉਹ ਸਮਾਜ ਦੇ ਸਾਰੇ ਤਬਕਿਆਂ ਨੂੰ ਉਨ੍ਹਾਂ ਦਾ ਹੱਕ ਦੇਣ ਲਈ ਤਿਆਰ ਹਨ, ਪਰ ਨੀਤੀਆਂ ਬਾਰੇ ਕੋਈ ਸਮਝੌਤਾ ਨਹੀਂ ਕਰਨਗੇ।

# ਰਾਜਕੁਮਾਰੀ ਸੰਯੋਗਿਤਾ ਦੇ ਕਿਰਦਾਰ ਲਈ ਬਹੁਤ ਮਿਹਨਤ ਕੀਤੀ-ਮਾਨੁਸ਼ੀ ਛਿੱਲਰ

ਸਾਬਕਾ ਬਿਊਟੀ ਕੁਈਨ ਮਾਨੁਸ਼ੀ ਛਿੱਲਰ ਇਨ੍ਹੀਂ ਦਿਨੀਂ ਆਪਣੀ ਪਹਿਲੀ ਫਿਲਮ 'ਪ੍ਰਿਥਵੀਰਾਜ ਦੇ ਰਿਲੀਜ਼ ਦੀ ਉਡੀਕ ਕਰ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਫਿਲਮ ਵਿਚਲੇ ਰਾਜਕੁਮਾਰੀ ਸੰਯੋਗਿਤਾ ਦੇ ਕਿਰਦਾਰ ਲਈ ਬਹੁਤ ਮਿਹਨਤ ਕੀਤੀ ਹੈ। ਫਿਲਮ 'ਪ੍ਰਿਥਵੀਰਾਜ ਨਿਡਰ ਤੇ ਸ਼ਕਤੀਸ਼ਾਲੀ ਰਾਜਾ ਪ੍ਰਿਥਵੀਰਾਜ ਚੌਹਾਨ ਦੇ ਜੀਵਨ ਅਤੇ ਬਹਾਦਰੀ ਉੱਤੇ ਆਧਾਰਤ ਹੈ। ਅਕਸ਼ੈ ਕੁਮਾਰ ਫਿਲਮ ਵਿੱਚ ਪ੍ਰਿਥਵੀਰਾਜ ਦੀ ਭੂਮਿਕਾ ਨਿਭਾ ਰਿਹਾ ਹੈ। ਮਾਨੁਸ਼ੀ ਨੂੰ ਅਕਸ਼ੈ ਨਾਲ ਪ੍ਰਿਥਵੀਰਾਜ ਦੇ ਪਿਆਰ ਰਾਜਕੁਮਾਰੀ ਸੰਯੋਗਿਤਾ ਦਾ ਕਿਰਦਾਰ ਨਿਭਾਉਣ ਲਈ ਫਿਲਮ ਵਿੱਚ ਲਿਆ ਹੈ। ਮਾਨੁਸ਼ੀ ਨੇ ਕਿਹਾ, "ਮੈਂ ਖ਼ੁਸ਼ ਹਾਂ ਕਿ ਸਾਡੇ ਕੋਲ 'ਪ੍ਰਿਥਵੀਰਾਜ ਨੂੰ ਵੱਡੇ ਪਰਦੇ ਉਤੇ ਰਿਲੀਜ਼ ਕਰਨ ਦੇ ਲਈ ਤਰੀਕ ਹੈ। ਮੈਂ ਇਸ ਕਿਸਮ ਦਾ ਲਾਂਚਪੈਡ ਪ੍ਰਾਪਤ ਕਰਨ ਲਈ ਕਿਸਮਤ ਵਾਲੀ ਰਹੀ ਹਾਂ ਤੇ ਆਸ ਕਰਦੀ ਹਾਂ ਕਿ ਮੈਨੂੰ ਇਹ ਮੌਕਾ ਮਿਲਿਆ ਹੈ, ਮੈਂ ਉਸ ਨਾਲ ਇਨਸਾਫ ਕੀਤਾ ਹੈ। ਮੈਂ ਬਹੁਤ ਮਿਹਨਤ ਨਾਲ ਇਹ ਕਿਰਦਾਰ ਹਾਸਲ ਕੀਤਾ ਹੈ ਤੇ ਇਹ ਕਿਰਦਾਰ ਨਿਭਾਉਣ ਲਈ ਬਹੁਤ ਮਿਹਨਤ ਵੀ ਕੀਤੀ ਹੈ।" ਮਾਨੁਸ਼ੀ ਨੇ ਅੱਗੇ ਕਿਹਾ, "ਮੈਂ ਖ਼ੁਸ਼ ਹਾਂ ਕਿ ਲੋਕ ਮੇਰੀ ਫਿਲਮ ਵਿਚਲੀ ਦਿਖ ਦੀ ਪ੍ਰਸ਼ੰਸਾ ਕਰ ਰਹੇ ਹਨ। ਮੈਂ ਆਸ ਕਰਦੀ ਹਾਂ ਕਿ ਮੇਰੀ ਪੇਸ਼ਕਾਰੀ ਨੂੰ ਵੀ ਪਸੰਦ ਕਰਨਗੇ ਕਿਉਂਕਿ ਪਰਦੇ ਉੱਤੇ ਹੀ ਮੇਰੀ ਅਸਲ ਪ੍ਰੀਖਿਆ ਹੋਵੇਗੀ।" ਫਿਲਮ 'ਪ੍ਰਿਥਵੀਰਾਜ ਦੇ ਡਾਇਰੈਕਟਰ ਚੰਦਰ ਪ੍ਰਕਾਸ਼ ਦਿਵੇਦੀ ਹਨ। ਫਿਲਮ 10 ਜੂਨ ਨੂੰ ਰਿਲੀਜ਼ ਹੋਵੇਗੀ।






# ਵਿੱਕੀ ਕੌਸ਼ਲ ਬਣਨਗੇ ਕਰਣ



ਅਭਿਨੇਤਾ ਵਿੱਕੀ ਕੌਸ਼ਲ ਦੇ ਸਿਤਾਰੇ ਇਨ੍ਹੀਂ ਦਿਨੀਂ ਬੁਲੰਦ ਹਨ। ਫਿਲਹਾਲ ਉਸ ਦੇ ਖਾਤੇ ਵਿੱਚ 'ਗੋਵਿੰਦਾ ਮੇਰਾ ਨਾਮ , 'ਦ ਗ੍ਰੇਟ ਇੰਡੀਅਨ ਫੈਮਿਲੀ , ਲਛਮਣ ਉਤੇਕਰ ਦੀ ਅਣਟਾਈਟਲਡ ਫਿਲਮ ਅਤੇ ਕਰਣ ਜੌਹਰ ਦੀ ਇੱਕ ਅਣਐਲਾਨੀ ਫਿਲਮ ਸਮੇਤ ਕਈ ਫਿਲਮਾਂ ਹਨ। ਖਬਰ ਹੈ ਕਿ 'ਉੜੀ ਅਤੇ 'ਸਰਦਾਰ ਊਧਮ ਸਿੰਘ ਫਿਲਮਾਂ ਦੇ ਅਭਿਨੇਤਾ ਵਿੱਕੀ ਮਹਾਭਾਰਤ ਦੇ ਪਾਤਰ ਕਰਣ ਦਾ ਕਿਰਦਾਰ ਨਿਭਾਉਣ ਦੀ ਤਿਆਰੀ ਵਿੱਚ ਹਨ। ਫਿਲਮੀ ਗਲਿਆਰਿਆਂ ਦੀਆਂ ਰਿਪੋਰਟਾਂ ਮੁਤਾਬਕ ਵਿੱਕੀ ਅਤੇ ਰਾਕੇਸ਼ ਦੀ ਗੱਲਬਾਤ ਕਰਣ ਦੇ ਜੀਵਨ ਉੱਤੇ ਆਧਾਰਤ ਪ੍ਰੋਜੈਕਟ ਬਾਰੇ ਹੋਈ ਹੈ। ਪਹਿਲਾਂ ਰਾਕੇਸ਼ ਇਸ ਫਿਲਮ ਨੂੰ ਅਭਿਨੇਤਾ ਸ਼ਾਹਿਦ ਕਪੂਰ ਨਾਲ ਬਣਾਉਣ ਵਾਲੇ ਸਨ, ਪਰ ਸ਼ਾਹਿਦ ਨਾਲ ਉਨ੍ਹਾਂ ਦੀ ਗੱਲ ਨਹੀਂ ਬਣੀ। ਕਰਣ ਦੇ ਕਿਰਦਾਰ ਲਈ ਉਨ੍ਹਾਂ ਦੀ ਵਿੱਕੀ ਨਾਲ ਗੱਲਬਾਤ ਚੱਲ ਰਹੀ ਹੈ। ਇਹ ਪ੍ਰੋਜੈਕਟ ਰਾਕੇਸ਼ ਦੇ ਦਿਲ ਦੇ ਬਹੁਤ ਕਰੀਬ ਹੈ। ਇਸ ਫਿਲਮ ਦੀ ਸ਼ੂਟਿੰਗ ਇਸ ਸਾਲ ਦੇ ਅਖੀਰ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ। ਫਿਲਮ ਵਿੱਚ ਮਹਾਭਾਰਤ ਦੀ ਕਹਾਣੀ ਕਰਣ ਦੇ ਨਜ਼ਰੀਏ ਨਾਲ ਦਿਖਾਈ ਜਾਏਗੀ।

# ਸਰੀ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿੱਚ ਰੈਲੀ

## ਕੈਨੇਡਾ ਵਿਚ 1173 ਅੰਤਰਰਾਸ਼ਟਰੀ ਵਿਦਿਆਰਥੀ ਰੁਲ਼ ਰਹੇ ਹਨ







ਸਰੀ (ਹਰਦਮ ਮਾਨ)-ਸਰ੍ਹੀ ਦੇ ਬੇਅਰ ਕਰੀਕ ਦੇ ਨੇੜੇ 88 ਐਵੇਨਿਊ ਅਤੇ ਕਿੰਗ ਜੌਰਜ਼ ਦੇ ਕੋਨੇ ਤੇ ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ ਵਿੱਚ ਰੈਲੀ ਕੀਤੀ ਗਈ ਜਿਸ ਵਿੱਚ ਬਹੁਤ ਸਾਰੇ ਲੋਕ ਹਿਤਾਂ ਨੂੰ ਪ੍ਰਣਾਏ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਰੈਲੀ ਦੀ ਸ਼ੁਰੂਆਤ ਕਰਦੇ ਹੋਏ ਸਕੱਤਰ ਪਰਮਿੰਦਰ ਕੌਰ ਸਵੈਚ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਵਿਦਿਆਰਥੀਆਂ ਦੇ ਹੋ ਰਹੇ ਸ਼ੋਸ਼ਣ ਜਿਸ ਵਿੱਚ ਵਿਦਿਆਰਥੀਆਂ ਨੂੰ ਟਾਰਗੇੱਟ ਕਰਕੇ ਕਮਿਊਨਿਟੀ ਵਿੱਚ ਫੁੱਟ ਪਾਉਣ ਦੀ ਗੱਲ, ਕੁੜੀਆਂ ਦੇ ਦੇਹ ਵਿਉਪਾਰ ਦਾ ਧੰਦਾ ਕਰਨ ਆਦਿ ਬਾਰੇ ਦੱਸਿਆ ਅਤੇ ਸੁਸਾਇਟੀ ਦੇ ਨੌਜਵਾਨ ਮੈਂਬਰ ਰਾਜਵੀਰ ਚੌਹਾਨ ਨੇ ਬਹੁਤ ਹੀ ਵਿਸਥਾਰ ਨਾਲ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਜੋ ਮੌਂਟਰੀਅਲ ਦੇ ਤਿੰਨ ਕਾਲਜ਼ਾਂ ਦੇ ਦੀਵਾਲੀਆ ਹੋਣ ਤੇ ਆਈਆਂ ਹਨ ਤੇ ਉਹਨਾਂ ਕਾਲਜ਼ਾਂ ਦੀ ਅਸਲੀਅਤ ਕਿ ਇਹ ਤਿੰਨੇ ਕਾਲਜ਼ ਇੱਕੋ ਪਰਿਵਾਰ ਚਲਾ ਰਿਹਾ ਸੀ ਤੇ ਉਹਨਾਂ ਨੇ ਇਹ ਜਾਣ ਬੁੱਝ ਕੇ ਫਰਾਡ ਕਿਵੇਂ ਕੀਤਾ ਹੈ, ਇਸਨੂੰ ਦੀਵਾਲੀਆ ਕਹਿਣਾ ਹੀ ਗ਼ਲਤ ਹੈ। ਉਸ ਪਰਿਵਾਰ ਦੇ ਮੈਂਬਰ ਮਿਸਟਰ ਜਸਟਿਨ ਟਰੂਡੋ ਦੇ ਨਾਲ ਪੰਜਾਬ ਵਿੱਚ ਉਹਨਾਂ ਦੀ ਫੇਰੀ ਸਮੇਂ ਡੈਲੀਗੇਸ਼ਨ ਦੇ ਤੌਰ ਤੇ ਗਏ ਸਨ ਉਦੋਂ ਹੀ ਇਹਨਾਂ ਨੇ ਇਹ ਕਾਲਜ ਨਹੀਂ ਬਿਜ਼ਨਿਸ ਖੋਲ੍ਹੇ ਕਹਿ ਸਕਦੇ ਹਾਂ। ਇਹਨਾਂ ਵਿੱਚ 1173 ਵਿਦਿਆਰਥੀ ਜੋ ਏਥੇ ਰੁਲ਼ ਰਹੇ ਹਨ ਜਿਨ੍ਹਾਂ ਦਾ ਸਟੂਡੈਂਟ ਵਰਕ ਪਰਮਿਟ ਵੀ ਜਾਂਦਾ ਲੱਗਾ ਹੈ,ਉਹ ਵੀ ਕੰਮ ਨਹੀਂ ਕਰ ਸਕਦੇ। ਉਹ ਗੁਰਦਵਾਰਿਆਂ ਜਾਂ ਪੰਜਾਬੀ ਭਾਈਚਾਰੇ ਦੀ ਮਦਦ ਨਾਲ ਦਿਨ ਕਟੀ ਕਰ ਰਹੇ ਹਨ। 633 ਵਿਦਿਆਰਥੀ ਪੰਜਾਬ ਵਿੱਚ ਔਨ-ਲਾਈਨ ਪੜ੍ਹ ਰਹੇ ਸਨ, ਉਹਨਾਂ ਦਾ ਪੈਸਾ ਵੀ ਵਾਪਸ ਨਹੀਂ ਕੀਤਾ ਜਾ ਰਿਹਾ। ਫੈਡਰਲ ਸਰਕਾਰ ਵਲੋਂ ਕਿਹਾ ਜਾ ਰਿਹਾ ਹੈ ਕਿ ਉਹ ਹੋਰ ਕਾਲਜਾਂ ਵਿੱਚ ਦਾਖਲਾ ਲੈ ਲੈਣ ਪਰ ਉਹਨਾਂ ਨੂੰ ਫੀਸਾਂ ਦੂਜੀ ਵਾਰ ਦੇਣੀਆਂ ਪੈਣਗੀਆਂ। ਪਰ ਸਟੂਡੈਂਟਾਂ ਕੋਲ ਨਾ ਡਾਲਰ ਹਨ ਨਾ ਕੰਮ। ਕਿਹਾ ਜਾ ਰਿਹਾ ਹੈ ਕਿ ਉਹ ਕੋਰਟ ਦਾ ਦਰਵਾਜ਼ਾ ਖੜਕਾਉਣ ਪਰ ਕਿਵੇਂ। ਉਸ ਨੇ ਸਰਕਾਰਾਂ ਦੀਆਂ ਇਹਨਾਂ ਬੇਤੁਕੀਆਂ ਗੱਲਾਂ ਨੂੰ ਵੀ ਜੱਗ ਜ਼ਾਹਰ ਕੀਤਾ। ਰੇਡਿਓ ਹੋਸਟ ਨਵਜੋਤ ਢਿੱਲੋਂ ਨੇ ਵੀ ਸਟੂਡੈਂਟਾਂ ਦੇ ਹੱਕ ਵਿੱਚ ਬੋਲਦਿਆਂ ਕਿਹਾ ਕਿ ਉਹਨਾਂ ਨਾਲ ਹੁੰਦੇ ਸ਼ੋਸ਼ਣ ਨੂੰ ਨੱਥ ਪੈਣੀ ਚਾਹੀਦੀ ਹੈ। ਸਿਰਤਾਜ, ਜਾਸਮਿਨ ਤੇ ਅਕਸ਼ੇ ਵਿਦਿਆਰਥੀਆਂ ਨੇ ਵੀ ਆਪਣੇ ਜਾਤੀ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਕਿਸ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਦੇ ਵਿੱਚ ਪੜ੍ਹਾਈ ਪੂਰੀ ਕਰ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਇਕੱਲੇ ਕਿਊਬੈੱਕ ਦੇ ਕਾਲਜਾਂ ਵਿਚ ਹੀ ਇਹ ਨਹੀਂ ਹੋ ਰਿਹਾ ਸਗੋਂ ਇੱਥੇ ਬੀ ਸੀ। ਤੇ ਉਂਨਟਾਰੀ? ਵਿੱਚ ਵੀ ਕਾਲਜ ਸਟੂਡੈਂਟਾਂ ਦੇ ਸਰਟੀਫਿਕੇਟ ਦੇਣ ਸਮੇਂ ਆਨਾ ਕਾਨੀ ਕੀਤੀ ਜਾਂਦੀ ਹੈ। ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਸੈਕਟਰੀ ਹਰਭਜਨ ਚੀਮਾ ਨੇ ਕਿਹਾ ਕਿ ਜੇ ਸਰਕਾਰ ਸਟੂਡੈਂਟ ਨੂੰ ਏਥੇ ਤਿੱਗਣੀਆਂ ਫੀਸਾਂ ਦੇ ਕੇ ਸੱਦ ਰਹੀ ਹੈ ਤਾਂ ਉਹਨਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੈ। ਸਰਕਾਰ ਨੂੰ ਆਪਣਾ ਪੱਲਾ ਨਹੀਂ ਝਾੜਨਾ ਚਾਹੀਦਾ। ਲਖਵੀਰ ਖੁਣਖੁਣ ਨੇ ਕਿਹਾ ਕਿ ਸਰਕਾਰਾਂ ਕਾਰਪੋਰੇਸ਼ਨਾਂ ਦੀ ਹਰ ਵਕਤ ਮਦਦ ਕਰਦੀਆਂ ਹਨ ਪਰ ਇਹ ਵਿਦਿਆਰਥੀ ਜੋ ਬੇਕਸੂਰ ਹਨ, ਜੋ ਕਾਨੂੰਨੀ ਤੌਰ ਤੇ ਏਥੇ ਪਹੁੰਚੇ ਹਨ,ਉਹਨਾਂ ਦੀ ਪੜ੍ਹਾਈ ਪੂਰੀ ਕਰਵਾਉਣੀ ਚਾਹੀਦੀ ਹੈ। ਸਾਂਝਾ ਟੀ ਵੀ। ਹੋਸਟ ਬਲਜਿੰਦਰ ਕੌਰ ਨੇ ਕਿਹਾ ਕਿ ਬਹੁਤ ਸਾਰੇ ਵਿਦਿਆਰਥੀ ਉਹਨਾਂ ਕੋਲ ਆਪਣੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹਨ ਜੋ ਕਈ ਵਾਰੀ ਬਹੁਤ ਹੀ ਗੰਭੀਰ ਹੁੰਦੀਆਂ ਹਨ। ਇਸ ਰੈਲੀ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ, ਪ੍ਰੋ। ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਇੱਕ ਸੰਸਾਰ ਕਮੇਟੀ, ਹੋਪ ਸੇਵਾ ਸੁਸਾਇਟੀ ਆਦਿ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਾਮਲ ਹੋ ਕੇ ਵਿਦਿਆਰਥੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ। ਅੰਤ ਵਿੱਚ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਸਿੰਘ ਨੇ ਵਿਦਿਆਰਥੀਆਂ ਦੇ ਹੱਕ ਵਿੱਚ ਕਿਹਾ ਕਿ ਸੁਸਾਇਟੀ ਹਮੇਸ਼ਾਂ ਉਹਨਾਂ ਨਾਲ ਖੜ੍ਹੀ ਹੈ,ਉਹਨਾਂ ਦੀ ਮਦਦ ਲਈ ਹੋਰ ਵੀ ਯਤਨ ਕਰਦੀ ਰਹੇਗੀ। ਉਨ੍ਹਾਂ ਇਸ ਰੈਲੀ ਵਿੱਚ ਸ਼ਾਮਲ ਸਾਰੇ ਲੋਕਾਂ ਦਾ ਅਤੇ ਮੀਡੀਆ ਪ੍ਰਤੀਨਿਧਾਂ ਦਾ ਧੰਨਵਾਦ ਕੀਤਾ।


## ਕੈਨੇਡਾ ਸਰਕਾਰ ਵਲੋਂ ਵੈਕਸੀਨ ਵਾਲੇ ਕੌਮਾਂਤਰੀ ਯਾਤਰੀਆਂ ਨੂੰ ਕੋਵਿਡ ਟੈਸਟ ਤੋਂ ਛੋਟ ਦਾ ਐਲਾਨ

ਵੈਨਕੂਵਰ (ਮਾਨ)-ਕੈਨੇਡਾ ਸਰਕਾਰ ਨੇ ਕੋਵਿਡ-19 ਖ਼ਿਲਾਫ਼ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਯਾਤਰੀਆਂ ਨੂੰ ਪਹਿਲੀ ਮਾਰਚ ਤੋਂ ਮੁਲਕ ਵਿੱਚ ਦਾਖ਼ਲ ਹੋਣ ਮੌਕੇ ਕਰੋਨਾ ਟੈਸਟ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਹਾਲਾਂਕਿ ਜਿਨ੍ਹਾਂ ਯਾਤਰੀਆਂ ਦੇ ਕਰੋਨਾ ਤੋਂ ਬਚਾਅ ਲਈ ਟੀਕੇ ਨਹੀਂ ਲੱਗੇ, ਉਹ ਨੈਗੇਟਿਵ ਰਿਪੋਰਟ ਵਿਖਾ ਕੇ ਹੀ ਲੰਘ ਸਕਣਗੇ, ਫਿਰ ਚਾਹੇ ਉਹ ਟੈਸਟ ਘਰ ਵਿੱਚ ਹੀ ਕੀਤਾ ਹੋਵੇ। ਕੈਨੇਡਾ ਪਹੁੰਚਣ 'ਤੇ ਵਿਰਲੇ ਟਾਵੇਂ ਭਾਵ ਰੈਂਡਮ ਟੈਸਟ ਹੋਏਗਾ, ਪਰ ਉਨ੍ਹਾਂ ਨੂੰ ਬਿਨਾਂ ਰਿਪੋਰਟ ਉਡੀਕੇ ਘਰ ਜਾਣ ਦੀ ਛੋਟ ਹੋਵੇਗੀ ਅਤੇ ਇਕਾਂਤਵਾਸ ਦੀ ਸ਼ਰਤ ਵੀ ਨਹੀਂ ਹੋਵੇਗੀ। ਗੈਰ-ਟੀਕਾਕਰਨ ਵਾਲੇ 12 ਸਾਲ ਤਕ ਦੇ ਬੱਚੇ ਆਪਣੇ ਟੀਕਾਕਰਨ ਹੋਏ ਮਾਪਿਆਂ ਨਾਲ ਨਿਰਵਿਘਨ ਕੈਨੇਡਾ ਪੁੱਜ ਕੇ ਅਗਲੇ ਦਿਨ ਸਕੂਲ ਜਾ ਸਕਣਗੇ। ਕੇਂਦਰੀ ਸਿਹਤ ਮੰਤਰੀ ਜੀਨ ਵੇਸ ਡਕਲਸ ਨੇ ਕਿਹਾ ਕਿ ਓਮੀਕਰੋਨ ਦਾ ਡੰਗ ਖੁੰਡਾ ਹੋਣ ਅਤੇ ਸੈਲਾਨੀਆਂ ਦੀ ਸਹੂਲਤ ਲਈ ਸ਼ਰਤਾਂ ਖਤਮ ਕੀਤੀਆਂ ਜਾ ਰਹੀਆਂ ਹਨ।

## ਉਘੇ ਪੰਜਾਬੀ ਲੇਖਕ ਤੇ ਆਲੋਚਕ ਡਾ ਰਜਨੀਸ਼ ਬਹਾਦਰ ਦਾ ਸਦੀਵੀ ਵਿਛੋੜਾ

ਚੰਡੀਗੜ੍ਹ-ਪੰਜਾਬ ਦੇ ਉਘੇ ਆਲੋਚਕ, ਪ੍ਰਤੀਬੱਧ ਸਿੱਖਿਆ ਸ਼ਾਸਤਰੀ ਅਤੇ ਪ੍ਰਵਚਨ ਰਸਾਲੇ ਦੇ ਸੰਪਾਦਕ ਡਾ. ਰਜਨੀਸ਼ ਬਹਾਦਰ ਸਿੰਘ ਸਦੀਵੀ ਵਿਛੋੜਾ ਦੇ ਗਏ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪ੍ਰੋ. ਰਜਨੀਸ਼ ਬਹਾਦਰ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਅਤੇ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪ੍ਰੋ. ਰਜਨੀਸ਼ ਬਹਾਦਰ ਦੇ ਬੇਵਕਤੀ ਵਿਛੋੜੇ ਨਾਲ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਆਲੋਚਨਾ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਦੱਸਣਯੋਗ ਹੈ ਕਿ ਡਾ. ਰਜਨੀਸ਼ ਬਹਾਦਰ ਨੇ ਪੰਜਾਬੀ ਗਲਪ ਆਲੋਚਨਾ, ਖ਼ਾਸ ਕਰਕੇ ਪੰਜਾਬੀ ਕਹਾਣੀ ਅਤੇ ਨਾਵਲ ਅਧਿਐਨ ਵਿੱਚ ਗੌਲਣਯੋਗ ਕੰਮ ਕੀਤਾ ਹੈ। ਉਨ੍ਹਾਂ ਨੇ 'ਪਰਬਤਾਂ ਸੰਗ ਸੰਵਾਦ' ਨਾਮੀ ਪੁਸਤਕ ਵਿੱਚ ਯਾਤਰਾ ਸੰਸਮਰਣ ਵੀ ਲਿਖੇ। ਉਨ੍ਹਾਂ ਦੁਆਰਾ ਸੰਪਾਦਤ ਕੀਤੀਆਂ ਪੁਸਤਕਾਂ ਦੀ ਗਿਣਤੀ ਇੱਕ ਦਰਜਨ ਤੋਂ ਵੱਧ ਹੈ। ਡਾ. ਰਜਨੀਸ਼ ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਦੇ ਰਸਾਲੇ ਪ੍ਰਵਚਨ ਦਾ ਲਗਾਤਾਰ ਸੰਪਾਦਨ ਕਰ ਰਹੇ ਸਨ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਗੁਰੂ ਜੀ ਦਾ ਬਘੌਰ ਜਾਣਾ

918 ਸਤਿਗੁਰ ਜੀ ਕਲਾਇਤ ਤੋਂ ਕੂਚ ਕਰਕੇ, ਬਘੌਰ ਸ਼ਹਿਰ ਜਾ ਤੰਬੂ ਲਾ ਦਿੱਤੇ।
ਲੋਕਾਂ ਪਹਿਲੀ ਵਾਰ ਸੀ ਸਿੰਘ ਦੇਖੇ, ਘੋੜੇ ਸਸਤਰਾਂ ਲੋਕ ਡਰਾ ਦਿੱਤੇ।
ਲੁੱਟਾਂ ਖੋਹਾਂ ਨਿੱਤ ਦਾ ਕੰਮ ਹੈ ਸੀ, ਲੋਕ ਸੋਚਾਂ ਵਿਚ ਸੀ ਪਾ ਦਿੱਤੇ।
ਗੱਲ ਸ਼ਹਿਰ ਦੇ ਰਾਜੇ ਕੋਲ ਪਹੁੰਚੀ, ਉਸ ਨੇ ਸਭ ਦੇ ਦਿਲ ਧਰਾ ਦਿੱਤੇ॥

### ਰਾਣਾ ਸ਼ਿਵ ਪ੍ਰਤਾਪ ਨੇ ਮੰਤਰੀ ਨੂੰ ਪਤਾ ਕਰਨ ਲਈ ਭੇਜਣਾ

919 ਸਾਡੇ ਸ਼ਹਿਰ ਦੇ ਵਿੱਚ ਇਹ ਕੌਣ ਆਏ, ਪਤਾ ਕਰਨ ਲਈ ਮੰਤਰੀ ਘੱਲਿਆ ਏ।
ਚਿੱਤ ਉਸਦਾ ਸੁਣ ਨਿਹਾਲ ਹੋਇਆ, ਪਤਾ ਉਸਨੂੰ ਜਦ ਇਹ ਚੱਲਿਆ ਏ।
ਗੁਰੂ ਨਾਨਕ ਦੀ ਗੱਦੀ ਦੇ ਗੁਰੂ ਦਸਵੇਂ, ਜਲਾਲ ਚਿਹਰੇ ਦਾ ਜਾਂਦਾ ਨਾ ਝੱਲਿਆ ਏ।
ਰਾਣਾ ਲੈ ਸੁਗਾਤਾਂ ਆਪ ਆਇਆ, ਚਾਉ ਉਸਦਾ ਜਾਂਦਾ ਨਾ ਠੱਲਿਆ ਏ॥

### ਰਾਣੇ ਦੀ ਗੁਰੂ ਜੀ ਨਾਲ ਦੋਸਤੀ ਪੈਣੀ ਅਤੇ ਇਕੱਠੇ ਸ਼ਿਕਾਰ ਖੇਡਣਾ

920 ਤਾਰਾਂ ਦਿਲ ਦੀਆਂ ਗੁਰਾਂ ਦੇ ਨਾਲ ਜੁੜੀਆਂ, ਰਾਣਾ ਗੁਰਾਂ ਤੋਂ ਸਦਕੇ ਜਾਂਵਦਾ ਏ।
ਕਿਸੇ ਕਿਸਮ ਦੀ ਥੁੜ ਨਾ ਆਉਣ ਦਿੱਤੀ, ਭੋਜਨ, ਪੱਠੇ, ਦਾਣਾ ਪੁਚਾਂਵਦਾ ਏ।
ਜਾਣ ਜੰਗਲੀ ਕਰਨ ਸ਼ਿਕਾਰ ’ਕੱਠੇ, ਸਮਾਂ ਗੁਰਾਂ ਦੇ ਨਾਲ ਬਤਾਂਵਦਾ ਏ।
ਹਰਚੰਦ ਸਿੰਘਾ ਸੁਣੇ ਦੀਵਾਨ ਬਹਿ ਕੇ, ਸਾਰਾ ਸ਼ਹਿਰ ਚੱਲ ਕੇ ਆਂਵਦਾ ਏ॥

### ਔਰੰਗਜ਼ੇਬ ਦੇ ਫੌਤ ਹੋਣ ਦੀ ਖ਼ਬਰ ਆਉਣੀ

921 1707 ਈ: ਸਾਲ ਹੈ ਸੀ, ਔਰੰਗਜ਼ੇਬ ਸੀ ਛੱਡ ਸੰਸਾਰ ਤੁਰਿਆ।
ਆਇਆ ਦਿੱਲੀ ਤੋਂ ਜੰਗਾਂ ਜਿੱਤਣੇ ਨੂੰ, ਮੌਤ ਕੋਲੋਂ ਉਹੋ ਸੀ ਹਾਰ ਤੁਰਿਆ।
ਬਘੌਰ ਮਿਲੀ ਖਬਰ ਦਸਮੇਸ਼ ਜੀ ਨੂੰ, ਔਰੰਗਾਬਾਦ ਸੀ ਜ਼ੁਲਮ ਦਾ ਯਾਰ ਤੁਰਿਆ।
ਗੁਰੂ ਦਰਸ ਨਾ ਉਹਨੂੰ ਨਸੀਬ ਹੋਏ, ਹਰਚੰਦ ਸਿੰਘਾ ਉਹ ਤੋੜ ਇਕਰਾਰ ਤੁਰਿਆ॥

### ਕੁੱਝ ਚਿਰ ਲਈ ਗੁਰੂ ਜੀ ਨੇ ਬਘੌਰ ਟਿਕਣਾ

922 ਅੱਗੇ ਜਾਣ ਦੀ ਰਹੀ ਨਾ ਤਾਂਘ ਕੋਈ, ਪਿੱਛੇ ਰਾਣਾ ਦੇਵੇ ਨਾ ਜਾਣ ਭਾਈ।
ਥੱਕੇ ਹੋਏ ਹੋ ਕਰੋ ਆਰਾਮ ਕਹਿੰਦਾ, ਵਧ-ਚੜ੍ਹ ਕੇ ਦੇਂਵਦਾ ਦਾਨ ਭਾਈ।
ਹੋਣ ਪਾਠ ਤੇ ਲੱਗਣ ਦੀਵਾਨ ਲੱਗੇ, ਸਤਿਗੁਰ ਕਰਦੇ ਨਿੱਤ ਵਖਿਆਨ ਭਾਈ।
ਮਹਿਮਾਂ ਗੁਰਾਂ ਦੀ ਸੁਣ ਹਰਚੰਦ ਸਿੰਘਾ, ਦੂਰੋਂ ਦੂਰੋਂ ਸੰਗਤਾਂ ਆਣ ਭਾਈ॥

### ਔਰੰਗਜ਼ੇਬ ਦੇ ਪੁੱਤਰਾਂ ਵਿੱਚ ਤਖ਼ਤ ਲੈਣ ਲਈ ਤਿਆਰੀਆਂ ਕਵੀਓ ਵਾਚ

923 ਔਰੰਗਜ਼ੇਬ ਦੇ ਮਰਨ ਦੀ ਖਬਰ ਸੁਣ ਕੇ, ਉਸਦੇ ਪੁੱਤਰਾਂ ਜ਼ੋਰ ਅਜ਼ਮਾਇਆ ਏ।
ਤਖ਼ਤ-ਤਾਜ਼ ਲਈ ਤਿੰਨੇ ਝਪਟ ਪਏ, ਕਬਰ ਉਸਨੂੰ ਹੋਰਾਂ ਨੇ ਪਾਇਆ ਏ।
‘ਰੋਜ਼ਾ’ ਪਿੰਡ ਦੇ ਵਿਚ ਜਾ ਕਬਰ ਪੱਟੀ, ਦਿੱਲੀ ਆਗਰੇ ਕੋਈ ਨਾ ਲਿਆਇਆ ਏ।
ਦੋ ਹੰਝੂ ਨਾ ਕੇਰੇ ਹਰਚੰਦ ਸਿੰਘਾ, ਜਿਨ੍ਹਾਂ ਲਈ ਉਸ ਲਹੂ ਵਹਾਇਆ ਏ॥

924 ਸਹਿਜ਼ਾਦਾ ਮੁਅੱਜ਼ਮ ਕਾਬਲ ਦੇ ਵਿੱਚ ਬੈਠਾ, ਕਾਮ ਬਖ਼ਸ ਨੇ ਦੱਖਣ ਹਥਿ ਆਇਆ ਏ।
ਤਾਰਾ ਆਜ਼ਮ ਨੇ ਆਗਰੇ ਕਰ ਕਬਜ਼ਾ, ਆਪਣੇ ਸੀਸ ਤੇ ਤਾਜ ਸਜਾਇਆ ਏ।
ਢਾਲ ਕੇ ਰਾਜ ਦਾ ਨਵਾਂ ਸਿੱਕਾ, ਉਸ ਆਪਣੇ ਨਾਮ ਚਲਾਇਆ ਏ।
ਹਰਚੰਦ ਸਿੰਘਾ ਲੈਣ ਲਈ ਹੱਕ ਆਪਣਾ, ਮੁਅੱਜ਼ਮ ਚੜ੍ਹ ਭਰਾ ’ਤੇ ਆਇਆ ਏ॥

### ਮੁਅੱਜ਼ਮ ਨੇ ਗੁਰੂ ਜੀ ਤੋਂ ਜਿੱਤ ਲਈ ਅਸੀਸ ਅਤੇ ਸਹਾਇਤਾ ਲੈਣੀ

925 ਮੁਅੱਜ਼ਮ ਤੁਰਿਆ ਕਾਬਲੋਂ ਚਾੜ੍ਹ ਫੌਜਾਂ, ਜੰਗ ਵਾਸਤੇ ਹੋ ਤਿਆਰ ਆਇਆ।
ਲਹੌਰ, ਜੰਮੂ, ਸਰਹਿੰਦੀ ਵੀ ਨਾਲ ਲਏ, ਉਹ ਕਰਦਾ ਮਾਰੋ ਮਾਰ ਆਇਆ।
ਪੰਜਾਬ ਲੰਘ ਕੇ ਰਾਜ ਪੁਤਾਨੇ (ਰਾਜਸਥਾਨ) ਦੇ, ਉਹ ਜਦੋਂ ਅੱਧ ਵਿਚਕਾਰ ਆਇਆ।
ਸੂਹ ਮਿਲੀ ਬਘੌਰ ਦਾਤਾਰ ਬੈਠੇ, ਨੰਦ ਲਾਲ ਸੀ ਕਰਨ ਵਿਚਾਰ ਆਇਆ॥

### ਨੰਦ ਲਾਲ (ਜੋ ਫਾਰਸੀ ਦੇ ਕਵੀ ਸਨ) ਦਾ ਬਘੌਰ ਗੁਰੂ ਜੀ ਪਾਸ ਮੱਦਦ ਲਈ ਆਉਣਾ

926 ਸ਼ਾਹਜ਼ਾਦੇ ਮੁਅੱਜ਼ਮ ਨੇ ਜੋ ਭੇਜੇ, ਤੋਹਫੇ ਲੈ ਕੇ ਦਾਸ ਇਹ ਆਇਆ ਏ।
ਮਿਹਰਾਂ ਵਾਲਿਓਂ ਸ਼ਾਹ ਤੇ ਮਿਹਰ ਕਰੋ, ਹੱਥ ਜੋੜ ਕੇ ਵਾਸਤਾ ਪਾਇਆ ਏ।
ਆਜ਼ਮ ਆਗਰੇ ਰਾਜਾ ਬਣ ਬੈਠਾ, ਹੱਕ ਮੁਅੱਜ਼ਮ ਦਾ ਉਸ ਹਥਿਆਇਆ ਏ।
ਹਰਚੰਦ ਸਿੰਘਾ ਹੋਏਗਾ ਜੰਗ ਭਾਰੀ, ਹੋਣਾ ਉਹ ਜੋ ਆਪ ਨੂੰ ਭਾਇਆ ਏ॥

927 ਮੁਅੱਜ਼ਮ ਹੈ ਆਪਦੇ ਸੇਵਕਾਂ ’ਚੋਂ ਗੁਰੂ ਘਰ ਦਾ ਪੈਰੋਕਾਰ ਦਾਤਾ।
ਆਜ਼ਮ ਔਰੰਗਜ਼ੇਬ ਦਾ ਰੂਪ ਦੂਜਾ, ਖਾਂਦਾ ਹਿੰਦੂਆਂ ਨਾਲ ਹੈ ਖਾਰ ਦਾਤਾ।
ਬਚਨ ਕਰੋ ਬੁਰਾਈ ਦਾ ਨਾਸ਼ ਹੋਵੇ, ਹਿੰਦੂ-ਹਿੰਦ ਤੇ ਕਰੋ ਉਪਕਾਰ ਦਾਤਾ।
ਬੋਲ ਆਪਦੇ ਸਦਾ ਸੱਚ ਹੁੰਦੇ, ਤੁਸੀਂ ਖੁਦ ਹੋ ਰੱਬੀ ਅਵਤਾਰ ਦਾਤਾ॥

### ਗੁਰੂ ਜੀ

928 ਸਤਿਗੁਰ ਸੁਰਤ ਸਮਾਧੀ ਲਾ ਬੈਠੇ, ਫਿਰ ਆਪਣੇ ਨੇਤਰ ਖੋਲ੍ਹਦੇ ਨੇ।
ਨੰਦ ਲਾਲ ਜੀ ਜੋ ਪਿਆਰ ਕਰਦੇ, ਲੋਕੀ ਉਨ੍ਹਾਂ ਰੂਹਾਂ ਨੂੰ ਟੋਲਦੇ ਨੇ।
ਤੁਸਾਂ ਮੁਅੱਜ਼ਮ ਨੂੰ ਨੇਕ ਬਣਾਇਆ ਏ, ਭਾਗ ਖੋਲ੍ਹੇ ਉਸ ਅਨਭੋਲ ਦੇ ਨੇ।
ਜਿੱਤ ਉਸੇ ਦੀ ਹੋਊ ਹਰਚੰਦ ਸਿੰਘਾ, ਸਤਿਗੁਰ ਸਹਿਜ ਸੁਭਾਅ ਹੀ ਬੋਲਦੇ ਨੇ॥

929 ਪੰਥ ਖਾਲਸਾ ਜਾਏਗਾ ਨਾਲ ਤੇਰੇ, ਸਾਡੀ ਦੁਆ ਵੀ ਜਾਏਗੀ ਨਾਲ ਭਾਈ।
ਖ਼ੂਨ ਵਹੇਗਾ ਹੋਏਗਾ ਜੰਗ ਭਾਰੀ, ਥੋੜਾ ਹੋਣਾ ਨਾ ਵਿੰਗਾ ਵਾਲ ਭਾਈ।
ਨੇਕ ਕੰਮਾਂ ਦੀ ਮੁਅੱਜ਼ਮ ਸੌਂਹ ਖਾ ਕੇ, ਲਏ ਮੋਰਚੇ ਜਾ ਸੰਭਾਲ ਭਾਈ।
ਨੇਕੀ, ਬਦੀ ਨੂੰ ਮਾਰੂ ਹਰਚੰਦ ਸਿੰਘਾ, ਥੋੜੀ ਰੱਖਿਆ ਕਰੂ ਅਕਾਲ ਭਾਈ॥

### ਖ਼ੂਨੀ ਯੁੱਧ ਦਾ ਹਾਲ

930 ਤਖ਼ਤ ਲਈ ਮੱਚਿਆ ਜੰਗ ਭਾਰੀ, ਤੋਪਾਂ ਚੱਲੀਆਂ ਜਿਸਮ ਖਲਾਰ ਦਿੱਤੇ।
ਸਾਰਾ ਦਿਨ ਲੜਦਿਆਂ ਬੀਤ ਗਿਆ, ਤੇਗਾਂ ਚੱਲੀਆਂ ਸੀਸ ਉਤਾਰ ਦਿੱਤੇ।
ਨੇਜ਼ੇ-ਬਰਛਿਆਂ ਆਂਦਰਾਂ ਖਿੱਚ ਲਈਆਂ, ਜਿਸਮ ਤੀਰਾਂ ਨੇ ਕਰ ਲੰਗਾਰ ਦਿੱਤੇ।
ਤਾੜ-ਤਾੜ ਬੰਦੂਕਾਂ ਚੱਲ ਰਹੀਆਂ, ਲਾ ਲੋਥਾਂ ਦੇ ਉਥੇ ਅੰਬਾਰ ਦਿੱਤੇ॥

931 ਹੁਣ ਤੱਕ ਜੋ ਹੋਰਾਂ ਨੂੰ ਮਾਰਦੇ ਸੀ, ਇੱਕ ਦੂਜੇ ਨੂੰ ਅੱਜ ਉਹ ਮਾਰਦੇ ਨੇ।
ਇੱਕ ਕੌਮ ਹੀ ਆਪਸ ਦੇ ਵਿੱਚ ਲੜਦੀ, ਕੈਸੇ ਦਸਤੂਰ ਇਹ ਪਰਵਦਗਾਰ ਦੇ ਨੇ।
ਸਕੇ ਭਾਈ ਇੱਕੋ ਮਾਂ ਜਾਏ, ਇੱਕ ਦੂਜੇ ਨੂੰ ਆ ਵੰਗਾਰ ਦੇ ਨੇ।
ਭਾਈ, ਭਾਈ ਲਈ ਮਰਨ ਹਰਚੰਦ ਸਿੰਘਾ, ਕਦੇ ਭਾਈਆਂ ਦੇ ਸਿਰ ਉਤਾਰ ਦੇ ਨੇ॥

932 ਘੋੜੇ ਸੱਖਣੇ ਵਿੱਚ ਮੈਦਾਨ ਫਿਰਦੇ, ਢੇਰੀ ਧਰਤ ਤੇ ਘੋੜ ਅਸਵਾਰ ਹੋਏ।
ਭੀੜਾਂ ਮੁੱਕੀਆਂ ਸੀੜਾਂ ਹੋ ਗਈਆਂ, ਘੱਟ ਪਹਿਲਾਂ ਤੋਂ ਮਾਰੋ-ਮਾਰ ਹੋਏ।
ਆਏ ਸਾਹਮਣੇ ਹਾਥੀ ਸ਼ਾਹਜਾਦਿਆਂ ਦੇ, ਸੂਰਜ ਛਿਪਣ ਦੇ ਲਈ ਤਿਆਰ ਹੋਏ।
ਜਥਾ ਸਿੰਘਾਂ ਦਾ ਝੱਪਟਿਆ ਸ਼ੇਰ ਵਾਂਙੂ, ਸਾਹਵੇਂ ਆਜ਼ਮ ਦੇ ਆਖਰਕਾਰ ਹੋਏ॥

933 ਤਾਰਾ ਆਜ਼ਮ ਨੂੰ ਘੇਰੇ ਘੱਤ ਲਏ, ਤਾਂਬੜ ਤੋੜ ਸੀ ਉਸ ਤੇ ਵਾਰ ਕੀਤਾ।
ਕਿਸੇ ਮਾਰਿਆ ਸਿੰਨ੍ਹ ਕੇ ਤੀਰ ਐਸਾ, ਹਿੱਕ ਚੀਰ ਕੇ ਦਿਲ ਦੇ ਪਾਰ ਕੀਤਾ।
ਡਿੱਗਾ ਹਾਥੀ ਤੋਂ ਹੇਠ ਧੜੰਮ ਕਰਕੇ, ਡਾਢੀ ਪੀੜ ਨੇ ਉਹ ਲਾਚਾਰ ਕੀਤਾ।
ਹਰਚੰਦ ਸਿੰਘਾ ਕਹਿੰਦੇ ਮੁਅੱਜ਼ਮ ਨੇ, ਸ਼ੁਕਰ ਰੱਬ ਦਾ ਸੀਸ ਉਤਾਰ ਕੀਤਾ॥

934 ਡੰਕੇ ਜਿੱਤ ਦੇ ਲਾ ਕੇ ਫੇਰ ਜੇਤੂ, ਆ ਆਗਰੇ ਖੁਸ਼ੀ ਮਨਾਂਵਦੇ ਨੇ।
ਕਿਲੇ ਵਿਚੋਂ ਕੱਢ ਕੇ ਹਾਰਿਆਂ ਨੂੰ, ਤਾਜ ਮੁਅੱਜ਼ਮ ਦੇ ਸੀਸ ਟਕਾਂਵਦੇ ਨੇ।
‘ਬਹਾਦਰ ਸ਼ਾਹ’ ਨਵਾਂ ਨਾਮ ਦੇ ਕੇ, ਸ਼ਹਿਨਸ਼ਾਹ-ਏ-ਹਿੰਦ ਬਣਾਂਵਦੇ ਨੇ।
ਰਾਜ ਤੇ ਤਾਜ ਹਰਚੰਦ ਸਿੰਘਾ, ਵੇਖ ਕੀ ਕੀ ਕਾਰੇ ਕਰਾਂਵਦੇ ਨੇ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ    ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਢੂ ਤੋਂ ਇਲੈਕਟ੍ਰੌਨਿਕ ਇੰਜਨੀਅਰ ਦੀ ਡਿਗਰੀ ਪਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ।

ਸੰਪਰਕ: 778-564-1556

feb 12

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ. ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'10" ਵਾਸਤੇ ਪੰਜਾਬ ਤੋਂ ਜੱਟ ਸਿੱਖ ਲੜਕੀ ਦੀ ਲੋੜ ਹੈ। ਸਿਰਫ ਉਹ ਹੀ ਸੰਪਰਕ ਕਰਨ ਜੋ ਇਸ ਲੜਕੇ ਦੇ ਇੰਡੀਆ ਰਹਿ ਰਹੇ ਭਰਾ, ਉਮਰ ੩੪ ਸਾਲ, ਵਾਸਤੇ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ: ਕੈਨੇਡਾ ਮੋਬਾ. 604-782-9070, ਇੰਡੀਆ ਮੋਬਾ. 98788-39304

feb 26

◆◆◆◆◆◆◆◆◆◆◆◆◆◆

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-778-551-1800

feb 12

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

## MATRIMONIALS

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

◆◆◆◆◆◆◆◆◆◆◆◆◆◆

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਸੁੰਦਰ ਜੱਟ ਸਿੱਖ ਲੜਕਾ (ਵੈਨਕੋਵਰ) ਨਵੰਬਰ 91, 5'11" ਇੰਜੀਨੀਅਰ, ਮਾਪੇ ਟੀਚਰ ਰਿਟਾਇਰਡ ਵਾਸਤੇ ਸੁੰਦਰ, ਲੰਮੀ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੱਡੀ ਬੇਸ, ਵਰਕ ਪਰਮਟ ਵੀ ਵਿਚਾਰਯੋਗ। ਲੜਕਾ ਖੰਨਾ, ਸਮਰਾਲਾ ਏਰੀਏ ਨਾਲ ਸਬੰਧ ਰੱਖਦਾ ਹੈ। ਮੈਰਿਜ ਬਿਊਰੋ ਮਾਫ ਕਰਨ।
Phone: +1(778) 636-4622,
94637-48264 (INDIA)

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਲੜਕਾ ਉਮਰ 31 ਸਾਲ ਕੱਦ 6' ਵਧੀਆ ਜੌਬ ਕਰਦਾ ਹੈ ਵਾਸਤੇ ਯੋਗ ਕੈਨੇਡੀਅਨ ਸਿਟੀਜਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 778-847-2800 ਨੰਬਰ 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮਿਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 22

◆◆◆◆◆◆◆◆◆◆◆◆◆◆

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋ ਘੱਟ 5'5" ਹੋਵੇ। ਸੰਪਰਕ: 604-308-8138

◆◆◆◆◆◆◆◆◆◆◆◆◆◆

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

# ਕਿਸਾਨ ਹਮਦਰਦ ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ ਵਿਚ ਦੁਖਦਾਈ ਮੌਤ







ਸਫ਼ਾ 1 ਦੀ ਬਾਕੀ

ਗੁਆਉਣ ਵਾਲੇ ਅਦਾਕਾਰ ਸੰਦੀਪ ਸਿੰਘ ਸਿੱਧੂ ਉਰਫ਼ ਦੀਪ ਸਿੱਧੂ ਦਾ ਪਿੰਡ ਥਰੀਕੇ ਦੇ ਸ਼ਮਸ਼ਾਨ ਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਮ੍ਰਿਤਕ ਦੇਹ ਬਾਅਦ ਦੁਪਹਿਰ ਲੁਧਿਆਣਾ ਸਥਿਤ ਉਨ੍ਹਾਂ ਦੇ ਘਰ ਪੁੱਜੀ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ। ਇਸ ਮੌਕੇ ਜਿੱਥੇ ਸਮਾਜ ਸੇਵੀ, ਧਾਰਮਿਕ ਤੇ ਰਾਜਸੀ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ, ਉੱਥੇ ਪੰਜਾਬੀ ਫ਼ਿਲਮ ਜਗਤ ਨਾਲ ਸਬੰਧਤ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਜੀਤ ਸਿੰਘ ਮਾਨ, ਜਥੇਦਾਰ ਧਿਆਨ ਸਿੰਘ ਮੰਡ, ਲੱਖਾ ਸਿਧਾਣਾ, ਸੋਨੀਆ ਮਾਨ ਸਮੇਤ ਕਈ ਜਣੇ ਅੱਜ ਅਦਾਕਾਰ ਦੀਆਂ ਅੰਤਿਮ ਰਸਮਾਂ ਮੌਕੇ ਪੁੱਜੇ। ਇਸ ਮੌਕੇ ਦੀਪ ਸਿੱਧੂ ਦੀ ਪਤਨੀ ਜੋ ਕਿ ਮੁੰਬਈ 'ਚ ਉਨ੍ਹਾਂ ਦੀ 12 ਸਾਲ ਦੀ ਲੜਕੀ ਨਾਲ ਰਹਿ ਰਹੀ ਹੈ, ਉਹ ਵੀ ਪਹੁੰਚ ਗਈ ਤੇ ਮਾਹੌਲ ਬੇਹੱਦ ਗ਼ਮਗੀਨ ਹੋ ਗਿਆ। ਅੰਤਿਮ ਸੰਸਕਾਰ ਦੀਆਂ ਸਾਰੀਆਂ ਰਸਮਾਂ ਦੀਪ ਦੇ ਭਰਾ ਮਨਦੀਪ ਸਿੱਧੂ ਨੇ ਨਿਭਾਈਆਂ। ਦੀਪ ਨੂੰ ਚਾਹੁਣ ਵਾਲੇ ਵੱਡੀ ਗਿਣਤੀ ਲੋਕ ਆਖਰੀ ਯਾਤਰਾ ਦੇ ਨਾਲ-ਨਾਲ ਸਮਸ਼ਾਨਘਾਟ ਤੱਕ ਪੁੱਜੇ।

## ਸਾਜਿਸ਼ ਤੋਂ ਇਨਕਾਰ

ਹਰਿਆਣਾ ਪੁਲੀਸ ਨੇ ਮੁੱਢਲੀ ਜਾਂਚ ਵਿੱਚ ਪੰਜਾਬ ਦੇ ਅਦਾਕਾਰ ਦੀਪ ਸਿੱਧੂ ਦੀ ਮੌਤ ਵਿੱਚ ਕਿਸੇ ਸਾਜ਼ਿਸ਼ ਤੋਂ ਇਨਕਾਰ ਕੀਤਾ ਹੈ। ਦੂਜੇ ਪਾਸੇ ਪੁਲੀਸ ਨੇ ਦਾਅਵਾ ਕੀਤਾ ਕਿ ਐੱਸਯੂਵੀ ਵਿੱਚ ਦੀਪ ਸਿੱਧੂ ਬੈਠੀ ਲੜਕੀ ਨੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਦੇ ਅੱਗੇ ਟਰਾਲਾ ਬਹੁਤ ਤੇਜ਼ ਸੀ ਤੇ ਡਰਾਈਵਰ ਨੇ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਹਾਦਸਾ ਹੋ ਗਿਆ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਕਾਂਗਰਸ ਅਤੇ ਆਪ ਦੋਵੇਂ ਢੌਂਗੀ ਪਾਰਟੀਆਂ-ਮੋਦੀ

ਸਫ਼ਾ 1 ਦੀ ਬਾਕੀ

ਦਲ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਪਹਿਲਾਂ ਉਹ ਇਥੇ ਇੱਕ ਛੋਟੇ ਦਲ ਦੇ ਰੂਪ ਵਿੱਚ ਸਰਕਾਰ ਨਾਲ ਹਾਸ਼ੀਏ 'ਤੇ ਚੱਲ ਰਹੇ ਸਨ, ਪਰ ਉਦੋਂ ਸੂਬੇ ਦੇ ਭਲੇ, ਸ਼ਾਂਤੀ ਅਤੇ ਉਜਵਲ ਭਵਿੱਖ ਲਈ ਆਪਣੀ ਪਾਰਟੀ (ਭਾਜਪਾ) ਦਾ ਨੁਕਸਾਨ ਕਰ ਕੇ ਪੰਜਾਬ ਨੂੰ





ਤਰਜੀਹ ਦਿੱਤੀ। ਉਨ੍ਹਾਂ ਪੰਜਾਬ ਅੰਦਰ ਕਿਸਾਨੀ, ਵਪਾਰ ਅਤੇ ਇੰਡਸਟਰੀ ਨੂੰ ਲਾਹੇਵੰਦ ਬਣਾਉਣ ਤੇ ਸੂਬੇ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮਜਬੂਰ ਨਹੀਂ ਮਜ਼ਬੂਤ ਬਣਾਇਆ ਜਾਵੇਗਾ। ਪ੍ਰਧਾਨ ਮੰਤਰੀ ਨੇ ਆਪਣੀ ਚੋਣ ਤਕਰੀਰ ਵਿੱਚ ਸਾਰੇ ਮਾਹੌਲ ਨੂੰ ਧਾਰਮਿਕ ਰੰਗਤ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਆਪਣਾ ਭਾਸ਼ਣ 'ਜੈ ਸ੍ਰੀ ਰਾਮ, ਜੈ ਸ੍ਰੀ ਰਾਮ', 'ਜੋ ਬੋਲੇ ਸੋ ਨਿਹਾਲ-ਵਾਹਿਗੁਰੂ ਜੀ ਕਾ ਖਾਲਸਾ' ਦੇ ਜੈਕਾਰਿਆਂ ਨਾਲ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸੰਤ ਰਵਿਦਾਸ ਜੀ ਵੱਲੋਂ ਕਹੇ ਬੋਲਾਂ ਨੂੰ ਹੀ ਪੂਗਾ ਰਹੀ ਹੈ। ਸ੍ਰੀ ਮੋਦੀ ਨੇ ਕਿਹਾ ਕਿ ਉਹ ਗੁਰੂਆਂ ਅਤੇ ਸੰਤਾਂ ਦੀ ਬਾਣੀ 'ਤੇ ਚੱਲ ਕੇ ਹੀ 21ਵੀਂ ਸਦੀ ਦਾ ਨਵਾਂ ਪੰਜਾਬ, ਪਹਿਲਾਂ ਵਾਲਾ ਹੱਸਦਾ ਪੰਜਾਬ, ਵੱਸਦਾ ਪੰਜਾਬ, ਨੱਚਦਾ ਪੰਜਾਬ, ਚੜ੍ਹਦਾ ਪੰਜਾਬ ਬਣਾਉਣਗੇ। ਉਨ੍ਹਾਂ ਕਿਹਾ ਕਿ ਅੱਜ ਸੰਤ ਰਵਿਦਾਸ ਦੀ ਜੈਅੰਤੀ ਮੌਕੇ ਇਥੇ ਆਉਣ ਤੋਂ ਪਹਿਲਾਂ ਦਿੱਲੀ ਵਿੱਚ ਗੁਰੂ ਰਵਿਦਾਸ ਵਿਸ਼ਰਾਮ ਧਾਮ ਮੰਦਿਰ ਤੋਂ ਆਸ਼ੀਰਵਾਦ ਲੈ ਕੇ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਲੱਖਾਂ ਸ਼ਰਧਾਲੂ ਸੰਤ ਰਵਿਦਾਸ ਦੇ ਜਨਮ ਅਸਥਾਨ ਬਨਾਰਸ ਗਏ ਹੋਏ ਹਨ। ਉਨ੍ਹਾਂ ਅਤੇ ਯੋਗੀ ਸਰਕਾਰ ਨੇ ਇਨ੍ਹਾਂ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਲਈ ਕਾਫੀ ਕੁਝ ਕੀਤਾ ਹੈ। ਉਨ੍ਹਾਂ ਕਿਹਾ, "ਬਨਾਰਸ ਮੇਰਾ ਸੰਸਦੀ ਹਲਕਾ ਹੈ, ਲਿਹਾਜ਼ਾ ਪੰਜਾਬ ਤੋਂ ਗਏ ਸ਼ਰਧਾਲੂ ਮੇਰੇ ਮਹਿਮਾਨ ਹਨ ਤੇ ਉਨ੍ਹਾਂ ਦੀ ਆਓ ਭਗਤ ਕਰਨਾ ਮੇਰਾ ਫਰਜ਼ ਵੀ ਹੈ। ਇਸ ਕਰਕੇ ਉਥੇ 2 ਵਿਸ਼ੇਸ਼ ਰੇਲ ਗੱਡੀਆਂ ਵੀ ਚਲਾਈਆਂ ਗਈਆਂ ਹਨ। ਇਸ ਤੋਂ ਇਲਾਵਾ ਸੰਤ ਰਵਿਦਾਸ ਮੰਦਰ ਕੰਪਲੈਕਸ 'ਚ ਇੱਕ ਲੰਗਰ ਹਾਲ ਬਣਾ ਕੇ ਸਮਰਪਿਤ ਕੀਤਾ ਗਿਆ ਹੈ।" ਉਨ੍ਹਾਂ ਸੰਤ ਰਵਿਦਾਸ ਦੇ ਦੋਹੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਇੱਕ ਅਜਿਹਾ ਰਾਜਾ ਚਾਹੁੰਦੇ ਸਨ, ਜਿਸ ਦੇ ਰਾਜ ਵਿੱਚ ਸਭ ਨੂੰ ਅੰਨ ਮਿਲੇ ਅਤੇ ਹਰ ਕੋਈ ਇੱਕ-ਦੂਜੇ ਦੇ ਬਰਾਬਰ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਅਜਿਹਾ ਹੋਵੇਗਾ ਤਾਂ ਰਵਿਦਾਸ ਜੀ ਕੁਦਰਤੀ ਤੌਰ ਤੇ ਪ੍ਰਸੰਨ ਹੋਣਗੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਲਈ ਗਰੀਬ ਵਰਗ ਦਾ ਭਲਾ ਮੁੱਢਲੀ ਤਰਜੀਹ ਹੈ।

## ਪੁਲਿਸ ਵਲੋਂ ਪਰਚੇ ਵੰਡ ਕੇ ਓਟਵਾ ਦੀਆਂ ਸੜਕਾਂ ਖਾਲੀ ਕਰਨ ਦੀ ਚਿਤਾਵਨੀ

ਸਫ਼ਾ 1 ਦੀ ਬਾਕੀ

ਜਿਹੜਾ ਵੀ ਵਿਅਕਤੀ ਸੜਕਾਂ ਰੋਕ ਰਿਹਾ ਹੈ ਜਾਂ ਸੜਕਾਂ ਰੋਕਣ ਵਿਚ ਦੂਸਰਿਆਂ ਦੀ ਸਹਾਇਤਾ ਕਰ ਰਿਹਾ ਹੈ ਉਹ ਫ਼ੌਜਦਾਰੀ ਅਪਰਾਧ ਕਰ ਰਿਹਾ ਹੈ ਅਤੇ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਤੁਹਾਨੂੰ ਤੁਰੰਤ ਗੈਰਕਾਨੂੰਨੀ ਸਰਗਰਮੀ ਬੰਦ ਕਰ ਦੇਣੀ ਚਾਹੀਦੀ ਹੈ ਜਾਂ ਤੁਸੀਂ ਦੋਸ਼ਾਂ ਦਾ ਸਾਹਮਣਾ ਕਰੋਗੇ। ਇਹ ਐਕਟ ਖ਼ਾਸ ਖੇਤਰਾਂ ਤੋਂ ਜਾਂ ਉਸ ਦੇ ਅੰਦਰ ਸਫਰ ਕਰਨ ਦੀ ਮਨਾਹੀ ਕਰਦਾ ਹੈ ਜਿਸ ਦਾ ਮਤਲਬ ਜਿਹੜਾ ਵੀ ਵਿਅਕਤੀ ਚਲ ਰਹੇ ਕਬਜ਼ੇ ਵਿਚ ਸ਼ਾਮਿਲ ਹੋਣ ਆ ਰਿਹਾ ਹੈ ਉਹ ਕਾਨੂੰਨ ਤੋੜ ਰਿਹਾ ਹੈ। ਇਸ ਵਿਚ ਅੱਗੇ ਕਿਹਾ ਗਿਆ ਕਿ ਐਕਟ ਪੁਲਿਸ ਨੂੰ ਪ੍ਰਦਰਸ਼ਨ ਵਿਚ ਹਿਸਾ ਲੈ ਰਹੀਆਂ ਮੋਟਰ ਗੱਡੀਆਂ ਨੂੰ ਜ਼ਬਤ ਕਰਨ ਦੀ ਇਜਾਜ਼ਤ ਦਿੰਦਾ ਹੈ। ਪਰਚਿਆਂ ਵਿਚ ਇਹ ਵੀ ਚਿਤਾਵਨੀ ਦਿੱਤੀ ਗਈ ਕਿ ਕੋਈ ਵੀ ਦੋਸ਼ ਜਾਂ ਸਜ਼ਾ ਹੋਣ ਤੇ ਅਮਰੀਕੀ ਸਰਹੱਦ ਪਾਰ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਅਤੇ ਕਿਹਾ ਕਿ ਮੁਜ਼ਾਹਰਾਕਾਰੀ ਸ਼ਰਾਰਤ ਕਰ ਰਹੇ ਹਨ।

AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

## ਕੇਜਰੀਵਾਲ ਵੱਲੋਂ 80 ਸੀਟਾਂ ਜਿੱਤਣ ਦਾ ਦਾਅਵਾ

ਸਫ਼ਾ 1 ਦੀ ਬਾਕੀ

ਵਿੱਚ ਕੀਤੇ ਰੋਡ ਸ਼ੋਅ ਦੌਰਾਨ ਬੋਲ ਰਹੇ ਸਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਮਾਨਦਾਰ ਆਗੂਆਂ ਨੂੰ ਚੁਣਨ ਦਾ ਸੱਦਾ ਦਿੱਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 20 ਫਰਵਰੀ ਨੂੰ ਆਪਣੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਝਾੜੂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ। ਇਸ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਸਭ ਤੋਂ ਪਹਿਲਾਂ ਜਲੰਧਰ (ਪੱਛਮੀ) ਵਿਧਾਨ ਸਭਾ ਹਲਕੇ ਵਿੱਚ ਰੋਡ ਸ਼ੋਅ ਕੀਤਾ। ਇਸ ਮੌਕੇ ਉਨ੍ਹਾਂ ਨਾਲ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਵੀ ਸਨ। ਕੇਜਰੀਵਾਲ ਤੇ ਮਾਨ ਹਲਕੇ ਵਿੱਚ ਪੈਂਦੇ ਗੁਰੂ ਰਵਿਦਾਸ ਧਾਮ ਵਿੱਚ ਨਤਮਸਤਕ ਵੀ ਹੋਏ। ਜਲੰਧਰ ਛਾਉਣੀ ਹਲਕੇ ਵਿੱਚ ਕੀਤੇ ਗਏ ਰੋਡ ਸ਼ੋਅ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਇਸ ਹਲਕੇ ਵਿੱਚ ਮਿੱਠਾਪੁਰ ਤੇ ਸੰਸਾਰਪੁਰ ਵਰਗੇ ਪਿੰਡ ਆਉਂਦੇ ਹਨ, ਜਿੱਥੋਂ ਹਾਕੀ ਦੇ ਵੱਡੇ ਖਿਡਾਰੀ ਪੈਦਾ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਹਲਕੇ ਦੇ ਵੋਟਰ ਗੋਲ ਕਰਕੇ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਜਿਤਾਉਣਗੇ। ਮਾਨ ਨੇ ਕਿਹਾ



ਕਿ 20 ਫਰਵਰੀ ਨੂੰ ਪੰਜਾਬ ਵਾਸੀਆਂ ਕੋਲ ਆਪਣੇ ਬੱਚਿਆਂ ਤੇ ਪੰਜਾਬ ਦੀ ਕਿਸਮਤ ਨੂੰ ਬਦਲਣ ਦਾ ਮੌਕਾ ਹੈ।

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com



# 'ਕਲਿ ਤਾਰਣਿ ਗੁਰੂ ਨਾਨਕੁ ਆਇਆ' ਕਿਤਾਬ ਪੰਜਾਬ ਭਵਨ ਵਿਚ ਰਿਲੀਜ਼

ਸਰੀ (ਹਰਦਮ ਮਾਨ)-ਜਲੰਧਰ ਦੇ ਵਾਸੀ ਵਰਿੰਦਰ ਸਿੰਘ ਵਿਰਦੀ ਦੀ ਪੁਸਤਕ 'ਕਲਿ ਤਾਰਣਿ ਗੁਰੂ ਨਾਨਕੁ ਆਇਆ' ਬੀਤੇ ਦਿਨ ਸਰੀ (ਕੈਨੇਡਾ) ਦੇ ਪੰਜਾਬ ਭਵਨ ਵਿਚ ਲੋਕ ਅਰਪਣ ਕੀਤੀ ਗਈ। ਇਸ ਮੌਕੇ ਓਥੇ ਲੇਖਕ ਮੋਹਨ ਗਿੱਲ ਨੇ ਦੱਸਿਆ ਕਿ ਇਸ ਕਿਤਾਬ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਰਤ ਅਤੇ ਵਿਦੇਸ਼ਾਂ ਵਿਚ ਆਪਣੀਆਂ ਉਦਾਸੀਆਂ ਦੌਰਾਨ ਜਿੱਥੇ-ਜਿੱਥੇ ਚਰਨ ਪਾਏ ਉੱਥੇ ਬਣੇ ਗੁਰਦੁਆਰਿਆਂ ਦੀਆਂ ਤਸਵੀਰਾਂ ਸਮੇਤ ਜਾਣਕਾਰੀ ਦਿੱਤੀ ਗਈ ਹੈ, ਜੋ ਕਿ ਬੜੀ ਸ਼ਲਾਘਾਯੋਗ ਹੈ। ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਦੌਰਾਨ ਲੋਕਾਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਿਆ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਲੇਖਕ ਨੇ ਬੜੀ ਮਿਹਨਤ ਨਾਲ ਗੁਰਧਾਮਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਇਹ ਕਿਤਾਬ ਤਿਆਰ ਕੀਤੀ ਹੈ। ਪ੍ਰੋ: ਅਵਤਾਰ ਸਿੰਘ ਵਿਰਦੀ ਨੇ ਦੱਸਿਆ ਕਿ ਲੇਖਕ ਵਰਿੰਦਰ ਸਿੰਘ ਜਲੰਧਰ ਵਿਚ ਪੰਜਾਬੀ ਦੇ ਅਧਿਆਪਕ ਹਨ। ਉਹ ਮਾਈਕ੍ਰੋ ਰਾਈਟਿੰਗ ਅਤੇ ਮਿਰਰ ਰਾਈਟਿੰਗ ਦੇ ਮਾਹਿਰ ਹੋਣ ਤੋਂ ਇਲਾਵਾ ਇਕ ਕਵੀ,ਪੇਂਟਰ ਅਤੇ ਹੋਰ ਕਈ ਗੁਣਾਂ ਦੇ ਮਾਲਕ ਵੀ ਹਨ। ਇਸ ਮੌਕੇ ਸੁਖੀ ਬਾਠ ਨੇ ਕਿਹਾ ਕਿ ਪੰਜਾਬ ਭਵਨ ਪੰਜਾਬੀ ਨੂੰ ਉਸਾਰੂ ਤਰੀਕੇ ਨਾਲ ਵਧਾਉਣ-ਫੈਲਾਉਣ ਦੀ ਹਰ ਕੋਸਿਲਸ਼ ਦਾ ਸਤਿਕਾਰ ਕਰਦਾ ਹੈ ਅਤੇ ਇਹ ਕਿਤਾਬ ਕਈ ਪੱਖਾਂ ਤੋਂ ਇੱਕ ਵਿਲੱਖਣ ਉਪਰਾਲਾ ਹੈ। ਸਾਰੇ ਬੁਲਾਰਿਆਂ ਨੇ ਲੇਖਕ ਨੂੰ ਵਧਾਈ ਦਿੱਤੀ ਅਤੇ ਅੰਤ ਵਿਚ ਸੁੱਖੀ ਬਾਠ ਨੇ ਸਾਰੇ ਹਾਜਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਵਿੰਦਰ ਸਿੰਘ ਨੰਦੜਾ,ਐਂਡੀ ਵਿਰਦੀ, ਗੁਰਜੀਤ ਮੱਲ੍ਹੀ ਹਾਜਰ ਸਨ।

# ਪਲੀ ਵਲੋਂ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ 27 ਫਰਵਰੀ ਨੂੰ ਮਨਾਇਆ ਜਾਵੇਗਾ

ਸਰੀ (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ (ਕੇ ਪੀ ਯੂ) ਅਤੇ ਦੀਪਕ ਬਿਨਿੰਗ ਫਾਊਂਡੇਸ਼ਨ ਦੇ ਸਹਿਯੋਗ ਨਾਲ 19ਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ 27 ਫਰਵਰੀ 2022 ਨੂੰ ਦੁਪਹਿਰ 1 30 ਤੋਂ 4:00 ਵਜੇ ਤੱਕ ਜ਼ੂਮ ਰਾਹੀਂ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪਲੀ ਦੇ ਆਗੂ ਬਲਵੰਤ ਸਿੰਘ ਸੰਘੇੜਾ ਅਤੇ ਡਾ। ਸਾਧੂ ਬਿਨਿੰਗ ਨੇ ਦੱਸਿਆ ਹੈ ਕਿ ਇਸ ਪ੍ਰੋਗਰਾਮ ਵਿਚ ਪਲੀ, ਕੇ ਪੀ ਯੂ ਅਤੇ ਦੀਪਕ ਬਿਨਿੰਗ ਫਾਊਂਡੇਸ਼ਨ ਦੇ ਨੁਮਾਇੰਦਿਆਂ ਵਲੋਂ ਕੈਨੇਡਾ ਵਿਚ ਪੰਜਾਬੀ ਬੋਲੀ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ, ਐਲ ਏ ਮੈਥੇਸਨ ਸਕੂਲ ਦੀ ਪੰਜਾਬੀ ਅਧਿਆਪਕਾ ਪ੍ਰਭਜੋਤ ਕੌਰ ਵਿਚਾਰ ਪੇਸ਼ ਕਰਨਗੇ ਅਤੇ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿਚ ਪੰਜਾਬੀ ਦੀ ਪੜ੍ਹਾਈ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਵਿਚਾਰ ਵਟਾਂਦਰੇ ਵਿਚ ਡਾ। ਗੁਰਨਾਮ ਸਿੰਘ ਢਿੱਲੋਂ (ਟਰਾਂਟੋ), ਦਲਬੀਰ ਸਿੰਘ (ਐਡਮੰਟਨ), ਹਰਜੀਤ ਗਰੇਵਾਲ (ਕੈਲਗਰੀ), ਸੁਖਬੀਰ ਗਰੇਵਾਲ (ਕੈਲਗਰੀ) ਅਤੇ ਗੁਰਿੰਦਰ ਮਾਨ (ਵੈਨਕੂਵਰ) ਹਿੱਸਾ ਲੈਣਗੇ। ਇਨ੍ਹਾਂ ਤੋਂ ਇਲਾਵਾ ਵੱਖ ਵੱਖ ਵਿਦਿਅਕ ਸੰਸਥਾਵਾਂ ਦੇ ਪੰਜਾਬੀ ਵਿਦਿਆਰਥੀਆਂ ਵਲੋਂ ਕਵਿਤਾਵਾਂ ਗੀਤ ਅਤੇ ਕਹਾਣੀਆਂ ਦੀਆਂ ਪੇਸ਼ ਕੀਤੀਆਂ ਜਾਣਗੀਆਂ। ਪ੍ਰੋਗਰਾਮ ਦਾ ਸੰਚਾਲਨ ਕਮਲਜੀਤ ਕੰਬੋਅ ਕਰਨਗੇ। ਪਲੀ ਵਲੋਂ ਸਮੂਹ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਦੇ ਇਸ ਜਸ਼ਨ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA

# ਭਾਜਪਾ ਸਮਰਥਕ ਨਾਮਧਾਰੀ ਸੰਗਤ ਵੱਲੋਂ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ




ਜਲੰਧਰ-ਸਤਿਗੁਰੂ ਦਲੀਪ ਸਿੰਘ ਜੀ ਨੂੰ ਗੁਰੂ ਮੰਨਣ ਵਾਲੀ ਨਾਮਧਾਰੀ ਸੰਗਤ" ਨੇ (ਪ੍ਰਧਾਨਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਰੈਲੀ ਦੇ ਦੌਰਾਨ) ਜਲੰਧਰ ਦੇ ਵੱਖ-ਵੱਖ ਚੌਂਕਾਂ ਵਿਚ ਖੜੇ ਹੋ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਗਤ ਦੀ ਅਗਵਾਈ ਕਰ ਰਹੇ ਸੂਬਾ ਦਰਸ਼ਨ ਸਿੰਘ ਨੇ ਆਪਣੀ ਨਰਾਜ਼ਗੀ ਜਾਹਿਰ ਕਰਦਿਆਂ ਆਖਿਆ ਕਿ ਸਾਡੇ ਧੜੇ ਵਾਲੀ "ਨਾਮਧਾਰੀ ਸੰਗਤ" 2014 ਤੋਂ ਖੁਲ ਕੇ ਭਾਜਪਾ ਦੀ ਸਮਰਥਕ ਰਹੀ ਹੈ। ਪਰ, ਬੜੀ ਹੈਰਾਨੀ ਦੀ ਗੱਲ ਹੈ ਕਿ ਭਾਜਪਾ ਸਰਕਾਰ ਹੀ ਸਾਨੂੰ; ਗੈਰ ਕਨੂੰਨੀ, ਅਪਰਾਧਿਕ ਢੰਗ ਨਾਲ ਕੁਚਲ ਕੇ ਕਿਉਂ ਖਤਮ ਕਰ ਰਹੀ ਹੈ ? ਬਹੁਤ ਵਾਰੀ ਭਾਜਪਾ ਦੇ ਵੱਡੇ-ਛੋਟੇ ਅਧਿਕਾਰੀਆਂ ਨੂੰ ਪੁੱਛਣ ਤੇ ਵੀ ਸਾਨੂੰ ਇਸ ਦਾ ਕਾਰਨ ਅਤੇ ਸਾਡੀ ਗਲਤੀ ਨਹੀਂ ਦੱਸੀ ਗਈ। ਭਾਜਪਾ ਸਰਕਾਰ ਹੀ ਸ਼ਹਿ ਦੇ ਕੇ, ਸਾਡੀ ਨਾਮ ਜਪਦੀ ਸੰਗਤ ਉੱਤੇ ਗੋਲੀਆਂ ਚਲਵਾਉਂਦੀ ਹੈ ਅਤੇ ਸਾਡੇ ਉੱਤੇ ਹੀ ਝੂਠੇ ਕੇਸ ਬਣਾਉਂਦੀ ਹੈ। ਸਰਕਾਰੀ ਰਿਕਾਰਡ ਨੂੰ ਤੋੜ-ਮਰੋੜ ਕੇ ਸਾਡੀਆਂ ਜਮੀਨਾਂ ਉੱਤੇ ਪੁਲਿਸ ਰਾਹੀਂ ਧੱਕੇ ਨਾਲ ਕਬਜੇ ਕਰਵਾਏ ਜਾਂਦੇ ਹਨ ਅਤੇ ਸਾਡੇ ਉੱਤੇ ਹੀ ਝੂਠੇ ਕੇਸ ਬਣਾਏ ਜਾਂਦੇ ਹਨ। ਦੂਜੇ ਪਾਸੇ, "ਕਾਂਗਰਸ ਸਮਰਥਕ" ਹੁੰਦਿਆਂ ਹੋਇਆਂ ਵੀ ਠਾਕੁਰ ਉਦੈ ਸਿੰਘ ਜੀ ਨੂੰ; ਗੈਰਕਨੂੰਨੀ- ਅਪਰਾਧਿਕ ਢੰਗ ਨਾਲ ਭਾਜਪਾ ਹੀ ਸਥਾਪਿਤ ਕਰ ਰਹੀ ਹੈ। ਪੰਥਕ ਗੁਰਦੁਆਰੇ ਅਤੇ ਜਾਇਦਾਦਾਂ ਸਾਂਝੀ ਸੰਗਤ ਦੇ ਪੈਸਿਆਂ ਨਾਲ ਬਣਦੀਆਂ ਹਨ ਅਤੇ ਸਾਂਝੀਆਂ ਹੀ ਰਹਿਣੀਆਂ ਚਾਹੀਦੀਆਂ ਹਨ। ਭਾਵੇ ਸੰਗਤ ਧੜਿਆਂ ਵਿਚ ਵੰਡੀ ਵੀ ਜਾਵੇ,ਪਰ ਜਾਇਦਾਦਾਂ ਅਤੇ ਗੁਰਦੁਆਰੇ ਤਾਂ ਸਾਂਝੇ ਹੀ ਰਹਿਣੇ ਚਾਹੀਦੇ ਹਨ। ਪਰੰਤੂ, ਭਾਜਪਾ ਸਰਕਾਰ ; ਕਾਂਗਰਸ ਸਮਰਥਕ "ਠਾਕੁਰ ਉਦੈ ਸਿੰਘ ਜੀ" ਦਾ ਸਾਰੇ ਗੁਰਦੁਆਰਿਆਂ ਅਤੇ ਜਾਇਦਾਦਾਂ ਉੱਤੇ ਕਬਜਾ ਕਰਵਾ ਰਹੀ ਹੈ। ਇਸ ਤੋਂ ਇਲਾਵਾ; "ਨਾਮਧਾਰੀ ਮਾਤਾ ਚੰਦ ਕੌਰ ਐਕਸ਼ਨ ਕਮੇਟੀ" ਦੇ ਪ੍ਰਧਾਨ "ਮਾਸਟਰ ਸੁਖਦੇਵ ਸਿੰਘ" ਨੇ ਕਿਹਾ ਕਿ ਸਾਡੇ "ਗੁਰੂ ਮਾਤਾ ਚੰਦ ਕੌਰ ਜੀ" ਦਾ ਕਤਲ ਹੋਇਆਂ 6 ਸਾਲ ਹੋ ਗਏ ਹਨ ਅਤੇ ਇਹ ਕੇਸ ਸੀ ਬੀ ਆਈ ਛ ਭ ।ਿਕੋਲ ਹੈ। ਪਰ, ਭਾਜਪਾ ਸਰਕਾਰ ਸੀ।ਬੀ।ਆਈ। ਨੂੰ, "ਮਾਤਾ ਜੀ ਦੇ ਕਾਤਲਾਂ ਨੂੰ ਨਹੀਂ ਫੜਨ" ਦਾ ਆਦੇਸ਼ ਕਰਕੇ ਕਿਉਂ ਬਚਾ ਰਹੀ ਹੈ ? ਉਹਨਾਂ ਨੇ ਦੱਸਿਆ ਕਿ ਮਾਤਾ ਜੀ ਦਾ ਕਤਲ ਗੁਰਦੁਆਰਾ ਭੈਣੀ ਸਾਹਿਬ ਦੇ ਅੰਦਰ ਹੁੰਦਾ ਹੈ। ਇਸ ਕਰਕੇ ਪਹਿਲੀ ਜਿੰਮੇਵਾਰੀ ਗੁਰਦੁਆਰੇ ਦੇ ਮੁੱਖ ਪ੍ਰਬੰਧਕਾਂ ਦੀ ਬਣਦੀ ਹੈ। ਪਰ, ਪੁਲਿਸ ਅਤੇ ਸੀ।ਬੀ।ਆਈ।(ਛ।ਭ।।) ਨੇ ਅਜੇ ਤੱਕ ਉਥੋਂ ਦਾ ਇੱਕ ਵੀ ਬੰਦਾ ਗਿਰਫਤਾਰ ਨਹੀਂ ਕੀਤਾ। ਵਰਨਣਯੋਗ ਹੈ ਕਿ ਗੁਰਦੁਆਰਾ ਭੈਣੀ ਸਾਹਿਬ ਦੀਆਂ ਕਿਲੇ ਵਰਗੀਆਂ ਦੀਵਾਰਾਂ ਹਨ, ਸੀ।ਸੀ।ਟੀ।ਵੀ ਕੈਮਰੇ ਲੱਗੇ ਹਨ ਅਤੇ ਕਰੀਬ 50 ਪੁਲਿਸ ਅਤੇ ਪ੍ਰਾਈਵੇਟ ਹਥਿਆਰਬੰਦ ਸੁਰੱਖਿਆ ਟੋਲੀ ਹਰ ਵੇਲੇ ਤਾਇਨਾਤ ਰਹਿੰਦੀ ਹੈ। ਜਿਸ ਕਿਲ੍ਹੇਨੁਮਾ ਗੁਰਦੁਆਰੇ ਵਿਚ: ਠਾਕੁਰ ਉਦੈ ਸਿੰਘ ਜੀ ਆਪਣੀ ਸਕੀ ਮਾਤਾ ਨੂੰ ਨਹੀਂ ਸੀ ਵੜਨ ਦਿੰਦੇ, ਉੱਥੇ ਹੀ ਮਾਤਾ ਚੰਦ ਕੌਰ ਜੀ ਦੇ ਕਾਤਲ; ਠਾਕੁਰ ਉਦੈ ਸਿੰਘ ਦੀ ਆਗਿਆ ਤੋਂ ਬਿਨਾਂ ਕਿਵੇਂ ਵੜ ਸਕਦੇ ਸਨ ? ਸੀਨੀਅਰ ਮੀਤ ਪ੍ਰਧਾਨ ਦਯਾ ਸਿੰਘ ਜੀ ਨੇ ਇਹ ਵੀ ਆਖਿਆ ਕਿ ਸਤਿਗੁਰੂ ਦਲੀਪ ਸਿੰਘ ਜੀ ਦੀ ਸੰਗਤ ਪੰਜਾਬ ਵਿਚ ਤਕਰੀਬਨ ਲੱਖਾਂ ਵਿਚ ਹੈ ਪਰ ਸਾਡੀ ਨਾਮਧਾਰੀ ਸੰਗਤ ਦੇ ਮਨਾਂ ਵਿਚ ਭਾਜਪਾ ਵਲੋਂ; ਸਾਡੇ ਨਾਲ ਹੋਈਆਂ ਕਈ ਪ੍ਰਕਾਰ ਦੀਆਂ ਵਧੀਕੀਆਂ ਕਰਕੇ, ਬਹੁਤ ਰੋਸ ਹੈ। ਇਸ ਮੌਕੇ ਜਲੰਧਰ, ਫਗਵਾੜਾ, ਅੰਮ੍ਰਿਤਸਰ, ਗੁਰਦਾਸਪੁਰ, ਮੁਕੇਰੀਆਂ, ਹੁਸ਼ਿਆਰਪੁਰ, ਦਸੂਹਾ, ਚੰਡੀਗੜ੍ਹ, ਲੁਧਿਆਣਾ ਆਦਿ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਪਹੁੰਚੀ ਵਿਸ਼ਾਲ ਸੰਗਤ ਨੇ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ।

MORTGAGE

If you are paying more than

1.30%*

(5 Years VIRM 30 Years Ammortization)

Call us NOW to Lower your Rate!

RAJ GILL HAS "NO STRESS MORTGAGE"

Superior Mortgage

Unit 244-8138-128 Street, Surrey

604 507 1000

Our Symbol of Care & Service



Manulife Reduced 13% Term Rates For Limited Time

www.KaliaFinancial.com

Kalia Insurance and Financial Services

Sudesh K. Kalia 604.728.6740 KFinancial@shaw.ca

Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ

ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**


Practice Social Distancing
Please wear a face mask or face covering before entry.
fruiticana hee jaana!
LONG WEEKEND SPECIALS
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Fresh Ginger
ਤਾਜ਼ਾ ਅਦਰਕ
$1.48 lb
Extra Extra Super Special
Roma Tomatoes
ਰੋਮਾ ਟਮਾਟਰ
79¢ lb
Chana Dal
ਚਨੇ ਦੀ ਦਾਲ
88¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Extra Super Super Special
Spinach
ਪਾਲਕ
99¢ bunch
Extra Super Super Special
Yellow Onions 50 lbs
ਪੀਲੇ ਗੰਢੇ
$12.99 bag
Shakkar (Indican) 1 kg
ਖੰਡ (ਇੰਡੀਕੇਨ)
$2.99 jar
Super Special
Maggi Masala Noodles 280 g
ਮੈਗੀ ਮਸਾਲਾ ਨੂਡਲਸ
99¢ pkg.
Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
Green Bell Peppers
ਹਰੀ ਸ਼ਿਮਲਾ ਮਿਰਚਾਂ
99¢ lb
Super Special
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Super Special
Red Lentil Whole
ਸਾਬਤ ਮਸਰਾਂ ਦੀ ਦਾਲ
78¢ lb
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$4.98 pkg.
Chickpeas
ਚਿੱਟੇ ਛੋਲੇ
88¢ lb
Cilantro
ਧਣੀਆ
2 bunches for $1.50
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb
Daikon (Mooli)
ਮੂਲੀ
99¢ lb
Product images may differ from the actual product.
Thur Feb 17, 2022 - Wed Feb 23, 2022
We reserve the right to limit the quantities while they last
Specials valid for Lower Mainland only
Head Office: 7676 Anvil Way, Surrey
604-502-0005
www.fruiticana.com
fruiticana SINCE 1994
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. ---------------- 604-244-9520